ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 12-09-2026 • Vol.44 No.37 • M. 90410-14575 • Page 16 | E-mail : khetiduniyan1983@gmail.com

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069



## ਪੰਜਾਬ ਰਾਇਆ 813

## ਵਧੇਰੇ ਝਾੜ ਦੇਣ ਵਾਲੀ ਸਰ੍ਹੋਂ ਦੀ ਨਵੀਂ ਕਿਸਮ

ਪੰਜਾਬ ਰਾਇਆ 813 ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਵਿਕਸਿਤ ਕੀਤੀ ਗਈ ਸਰ੍ਹੋਂ ਦੀ ਇੱਕ ਨਵੀਂ ਕਿਸਮ ਹੈ। ਇਸ ਕਿਸਮ ਦੀ ਸਿਫ਼ਾਰਸ਼ ਪੂਰੇ ਪੰਜਾਬ ਵਿੱਚ ਸੇਂਜੂ ਹਾਲਤਾਂ ਵਿੱਚ ਸਮੇਂ ਸਿਰ ਬਿਜਾਈ ਲਈ ਕੀਤੀ ਗਈ ਹੈ। ਇਹ ਇੱਕ ਜ਼ਿਆਦਾ ਝਾੜ ਦੇਣ ਵਾਲੀ ਗੈਰ-ਕਨੋਲਾ ਕਿਸਮ ਹੈ। ਵੱਖ-ਵੱਖ ਇਲਾਕਿਆਂ ਵਿੱਚ ਇਸ ਦੇ ਲਗਾਤਾਰ ਚੰਗੇ ਪ੍ਰਦਰਸ਼ਨ ਨੇ ਇਹ ਸਾਬਤ ਕੀਤਾ ਕਿ ਪੰਜਾਬ ਰਾਇਆ 813 ਪੰਜਾਬ ਦੇ ਝੋਨਾ-ਸਰ੍ਹੋਂ ਫ਼ਸਲੀ ਚੱਕਰ ਲਈ ਢੁੱਕਵੀਂ ਕਿਸਮ ਹੈ। ਕਈ ਸਾਲਾਂ ਤੱਕ ਕੀਤੇ ਗਏ ਖੋਜ ਤਜ਼ਰਬਿਆਂ ਦੌਰਾਨ ਪੰਜਾਬ ਰਾਇਆ 813 ਨੇ ਔਸਤ 9.1 ਕੁਇੰਟਲ ਪ੍ਰਤੀ ਏਕੜ ਝਾੜ ਦਿੱਤਾ। ਇਸ ਕਿਸਮ ਵਿੱਚ ਵੱਧ ਝਾੜ, ਲਗਭਗ 40% ਤੇਲ ਦੀ ਮਾਤਰਾ ਅਤੇ ਪ੍ਰਤੀ ਏਕੜ ਵੱਧ ਤੇਲ ਝਾੜ ਹੋਣ ਕਾਰਨ ਇਹ ਕਿਸਮ ਕਿਸਾਨਾਂ ਲਈ ਖਾਸ ਤੌਰ 'ਤੇਫਾਇਦੇਮੰਦ ਹੈ। ਦੇਸ਼ ਵਿੱਚ ਖਾਣ ਵਾਲੇ ਤੇਲ ਦੀ ਘਰੇਲੂ ਪੈਦਾਵਾਰ ਵਧਾਉਣ ਦੀ ਲੋੜ ਨੂੰ ਦੇਖਦੇ ਹੋਏ, ਇਹ ਕਿਸਮ ਮਹੱਤਵਪੂਰਨ ਸਾਬਤ ਹੋ ਸਕਦੀ ਹੈ।

ਪੰਜਾਬ ਵਿੱਚ ਸਰ੍ਹੋਂ ਦੀ ਸਮੇਂ ਸਿਰ ਬਿਜਾਈ ਵੱਧ ਝਾੜ ਲੈਣ ਲਈ ਬਹੁਤ ਮਹੱਤਵਪੂਰਨ ਹੈ। ਪੰਜਾਬ ਰਾਇਆ 813 ਲਗਭਗ 150 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦੀ ਪੱਕਣ ਦੀ ਮਿਆਦ 147 ਤੋਂ 152 ਦਿਨ ਤੱਕ ਰਹਿੰਦੀ ਹੈ। ਇਸ ਦੇ 1000 ਬੀਜਾਂ ਦਾ ਭਾਰ ਲਗਭਗ 4.8 ਗ੍ਰਾਮ ਹੈ। ਇਸ ਕਾਰਨ ਕਿਸਾਨ ਇਸ ਕਿਸਮ ਨੂੰ ਝੋਨਾ-ਸਰ੍ਹੋਂ ਫ਼ਸਲੀ ਚੱਕਰ ਵਿੱਚ ਆਸਾਨੀ ਨਾਲ ਸ਼ਾਮਿਲ ਕਰ ਸਕਦੇ ਹਨ। ਝੋਨੇ ਦੀ ਰਹਿੰਦ-ਖੂੰਹਦ ਦੀ ਸਹੀ ਸੰਭਾਲ ਕਰਨ ਉਪਰੰਤ ਪੰਜਾਬ ਰਾਇਆ 813 ਦੀ ਕਾਸ਼ਤ ਸਮੇਂ ਸਿਰ ਕੀਤੀ ਜਾ ਸਕਦੀ ਹੈ। ਇਸ ਕਿਸਮ ਦਾ ਕੱਦ ਲੰਮਾ ਹੈ। ਬੂਟੇ ਦੀ ਔਸਤ ਉੱਚਾਈ ਲਗਭਗ 204 ਸੈਂਟੀਮੀਟਰ ਹੈ। ਇਸ ਦਾ ਮੁੱਖ ਤਣਾ ਲੰਮਾ ਹੁੰਦਾ ਹੈ ਅਤੇ ਮੁੱਖ ਤਣੇ 'ਤੇ ਵਧੇਰੇ ਫਲੀਆਂ ਲੱਗਦੀਆਂ ਹਨ। ਇਸ ਤੋਂ ਇਲਾਵਾ, ਇਸ ਕਿਸਮ ਵਿੱਚ ਵਧੇਰੇ ਟਾਹਣੀਆਂ ਲੱਗਦੀਆਂ ਹਨ ਅਤੇ ਇੱਕ ਫਲੀ ਵਿੱਚ ਵਧੇਰੇ ਬੀਜ ਹੁੰਦੇ ਹਨ। ਇਸ ਵਿੱਚ ਵਧੇਰੇ ਫਲੀਆਂ ਬਣਾਉਣ ਦੀ ਸਮਰੱਥਾ ਅਤੇ ਚੰਗੀ ਪੌਦਾ ਬਣਤਰ ਹੁੰਦੀ ਹੈ, ਜੋ ਇਸ ਦੀ ਵੱਧ ਝਾੜ ਦੇਣ ਦੀ ਸਮਰੱਥਾ ਵਿੱਚ ਯੋਗਦਾਨ ਪਾਉਂਦੀ ਹੈ। ਇਹ ਕਿਸਮ ਉਨ੍ਹਾਂ ਕਿਸਾਨਾਂ ਲਈ ਖਾਸ ਤੌਰ 'ਤੇ ਢੁਕਵੀਂ ਹੈ, ਜੋ ਸਿਫ਼ਾਰਸ਼ ਕੀਤੀ ਖਾਦ ਅਤੇ ਸਿੰਚਾਈ ਪ੍ਰਬੰਧਨ ਅਨੁਸਾਰ ਖੇਤੀ ਕਰਦੇ ਹਨ।

ਪੰਜਾਬ ਰਾਇਆ 813 ਦਾ ਬੀਜ ਸਤੰਬਰ 2026 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵੱਖ-ਵੱਖ ਖੋਜ ਕੇਂਦਰਾਂ 'ਤੇ ਲਗਾਏ ਜਾਣ ਵਾਲੇ ਕਿਸਾਨ ਮੇਲਿਆਂ ਦੌਰਾਨ ਕਿਸਾਨਾਂ ਲਈ ਉਪਲਬਧ ਹੋਵੇਗਾ। ਬੀਜ ਅੱਧਾ ਕਿਲੋਗ੍ਰਾਮ ਅਤੇ ਇੱਕ ਕਿਲੋਗ੍ਰਾਮ ਦੀ ਪੈਕਿੰਗ ਵਿੱਚ ਉਪਲਬਧ ਹੋਵੇਗਾ। ਕਿਸਾਨ ਬੀਜ ਸਿਰਫ਼ ਅਧਿਕਾਰਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਸਰੋਤਾਂ ਜਾਂ ਅਧਿਕਾਰਤ ਵਿਕਰੀ ਕੇਂਦਰਾਂ ਤੋਂ ਹੀ ਪ੍ਰਾਪਤ ਕਰਨ।

**ਸੁਰਿੰਦਰ ਸੰਧੂ ਅਤੇ ਇੰਦੂ ਰਿਆਲਚ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81462-38432)**

# ਝੋਨੇ ਵਿੱਚ ਫੋਕ ਘਟਾਉਣ ਲਈ

## ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਪੱਤਿਆਂ 'ਤੇ ਛਿੜਕਾਅ : ਵੱਧ ਝਾੜ ਲਈ ਪ੍ਰਭਾਵਸ਼ਾਲੀ ਤਰੀਕਾ

ਝੋਨੇ ਦੀ ਫ਼ਸਲ ਵਿੱਚ ਬੱਲੀਆਂ ਨਿਕਲਣ ਅਤੇ ਦਾਣੇ ਬਣਨ ਦੇ ਸਮੇਂ ਖੁਰਾਕੀ ਤੱਤਾਂ ਦੀ ਲੋੜ ਕਾਫ਼ੀ ਵੱਧ ਜਾਂਦੀ ਹੈ। ਇਸ ਅਹਿਮ ਪੜਾਅ ਦੌਰਾਨ ਬੋਲੀ ਦੇ ਵਿਕਾਸ, ਦਾਣਿਆਂ ਦੇ ਬਣਨ ਅਤੇ ਦਾਣੇ ਭਰਨ ਲਈ ਨਾਈਟ੍ਰੋਜਨ



ਅਤੇ ਪੋਟਾਸ਼ੀਅਮ ਤੱਤਾਂ ਦੀ ਉਚਿਤ ਮਾਤਰਾ ਬਹੁਤ ਮਹੱਤਵਪੂਰਨ ਹੁੰਦੀ ਹੈ। ਇਸ ਸਮੇਂ ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਪੱਤਿਆਂ 'ਤੇ ਛਿੜਕਾਅ ਇਨ੍ਹਾਂ ਜ਼ਰੂਰੀ ਖੁਰਾਕੀ ਤੱਤਾਂ ਦੀ ਪੂਰਤੀ ਲਈ ਇੱਕ ਪ੍ਰਭਾਵਸ਼ਾਲੀ ਅਤੇ ਕਿਫ਼ਾਇਤੀ ਤਰੀਕਾ ਹੈ। ਪੋਟਾਸ਼ੀਅਮ ਨਾਈਟ੍ਰੇਟ ਇੱਕ ਪਾਣੀ ਵਿੱਚ ਪੂਰੀ ਤਰ੍ਹਾਂ ਘੁਲਣਸ਼ੀਲ ਖਾਦ ਹੈ, ਜਿਸ ਵਿੱਚ 13 ਫ਼ੀਸਦੀ ਨਾਈਟ੍ਰੋਜਨ (ਨਾਈਟ੍ਰੇਟ ਦੇ ਰੂਪ ਵਿੱਚ) ਅਤੇ 45 ਫ਼ੀਸਦੀ ਪੋਟਾਸ਼ੀਅਮ ਹੁੰਦਾ ਹੈ। ਨਾਈਟ੍ਰੇਟ ਰੂਪ ਵਾਲਾ ਨਾਈਟ੍ਰੋਜਨ ਪੌਦਿਆਂ ਨੂੰ ਤੁਰੰਤ ਉਪਲੱਬਧ ਹੋ ਜਾਂਦਾ ਹੈ ਅਤੇ ਦਾਣੇ ਭਰਨ ਦੇ ਸਮੇਂ ਪੱਤਿਆਂ ਦੀ ਸਰਗਰਮੀ ਅਤੇ ਸਿਹਤਮੰਦ ਵਿਕਾਸ ਵਿੱਚ ਸਹਾਇਤਾ ਕਰਦਾ ਹੈ।

ਪੋਟਾਸ਼ੀਅਮ ਨੂੰ ਅਕਸਰ 'ਗੁਣਵੱਤਾ ਵਾਲਾ ਖੁਰਾਕੀ ਤੱਤ' ਕਿਹਾ ਜਾਂਦਾ ਹੈ। ਇਹ ਝੋਨੇ ਦੇ ਪੌਦਿਆਂ ਵਿੱਚ ਕਈ ਮਹੱਤਵਪੂਰਨ ਸਰੀਰਕ ਕਿਰਿਆਵਾਂ ਨੂੰ ਨਿਯੰਤਰਿਤ ਕਰਦਾ ਹੈ। ਪੋਟਾਸ਼ੀਅਮ ਦੀ ਉੱਚਿਤ ਮਾਤਰਾ ਫ਼ਸਲ ਨੂੰ ਵਾਤਾਵਰਣਕ ਤਣਾਅ, ਜਿਵੇਂ ਕਿ ਵੱਧ ਤਾਪਮਾਨ ਅਤੇ ਥੋੜ੍ਹੇ ਸਮੇਂ ਲਈ ਪਾਣੀ ਦੀ ਘਾਟ, ਸਹਿਣ ਵਿੱਚ ਵੀ ਮੱਦਦ ਕਰਦੀ ਹੈ।

### ਛਿੜਕਾਅ ਦਾ ਢੁੱਕਵਾਂ ਸਮਾਂ


ਝੋਨੇ ਵਿੱਚ ਫੋਕ ਘਟਾਉਣ ਲਈ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਦਾ ਸਭ ਤੋਂ ਢੁੱਕਵਾਂ ਸਮਾਂ ਉਦੋਂ ਹੈ ਜਦੋਂ ਝੋਨਾ ਗੋਭ ਵਿੱਚ ਹੋਵੇ। ਇਸ ਅਵਸਥਾ ਵਿੱਚ ਬੱਲੀ ਝੰਡਾ ਪੱਤੇ ਦੀ ਮਿਆਨ ਦੇ ਅੰਦਰ ਵਿਕਸਿਤ ਹੋ ਚੁੱਕੀ ਹੁੰਦੀ ਹੈ ਅਤੇ ਬਾਹਰ ਨਿਕਲਣ ਲਈ ਤਿਆਰ ਹੁੰਦੀ ਹੈ। ਇਹ ਫ਼ਸਲ ਦਾ ਇੱਕ ਬਹੁਤ ਹੀ ਮਹੱਤਵਪੂਰਨ ਪੜਾਅ ਹੈ, ਜਿਸ ਦਾ ਸਿੱਧਾ ਸਬੰਧ ਭਰੇ ਹੋਏ ਦਾਣਿਆਂ ਦੀ ਗਿਣਤੀ ਅਤੇ ਝਾੜ ਨਾਲ ਹੁੰਦਾ ਹੈ। ਇਸ ਸਮੇਂ ਖੁਰਾਕੀ ਤੱਤਾਂ ਦੀ ਘਾਟ ਕਾਰਨ ਦਾਣਿਆਂ ਦਾ ਵਿਕਾਸ ਅਤੇ ਭਰਾਈ ਪ੍ਰਭਾਵਿਤ ਹੋ ਸਕਦੀ ਹੈ, ਫੋਕ ਵਿੱਚ ਵਾਧਾ ਹੋ ਸਕਦਾ ਹੈ, ਦਾਣੇ ਹਲਕੇ ਰਹਿ ਸਕਦੇ ਹਨ ਅਤੇ ਅੰਤ ਵਿੱਚ ਫ਼ਸਲ ਦਾ ਝਾੜ ਘਟ ਸਕਦਾ ਹੈ। ਇਸ ਲਈ ਇਸ ਮਹੱਤਵਪੂਰਨ ਅਵਸਥਾ 'ਤੇ ਪੱਤਿਆਂ ਰਾਹੀਂ ਪੋਟਾਸ਼ੀਅਮ ਨਾਈਟ੍ਰੇਟ ਦੀ ਪੂਰਤੀ ਕਰਨ ਨਾਲ ਫ਼ਸਲ ਨੂੰ ਲੋੜੀਂਦੇ ਤੱਤ ਤੇਜ਼ੀ ਨਾਲ ਉਪਲਬਧ ਕਰਵਾਏ ਜਾ ਸਕਦੇ ਹਨ।

### ਸਿਫ਼ਾਰਸ਼ ਕੀਤੀ ਮਾਤਰਾ ਅਤੇ ਵਰਤੋਂ ਦਾ ਢੰਗ

ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ 1.5 ਫ਼ੀਸਦੀ ਘੋਲ ਬਣਾ ਕੇ ਪੱਤਿਆਂ 'ਤੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਸ ਲਈ ਕਿਸਾਨ 3 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਇੱਕ ਏਕੜ ਝੋਨੇ ਦੀ ਫ਼ਸਲ 'ਤੇ ਇਕਸਾਰ ਛਿੜਕਾਅ ਕਰਨ। ਛਿੜਕਾਅ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਖਾਦ ਪਾਣੀ ਵਿੱਚ ਪੂਰੀ ਤਰ੍ਹਾਂ ਘੁਲ ਗਈ ਹੋਵੇ, ਤਾਂ ਜੋ ਸਪਰੇਅ ਨੋਜ਼ਲ ਬੰਦ ਨਾ ਹੋਵੇ ਅਤੇ ਖੁਰਾਕੀ ਤੱਤਾਂ ਦੀ ਇਕਸਾਰ ਵੰਡ ਹੋ ਸਕੇ। ਛਿੜਕਾਅ ਇਸ ਤਰ੍ਹਾਂ ਕੀਤਾ ਜਾਵੇ ਕਿ ਫ਼ਸਲ ਦੇ ਪੱਤਿਆਂ, ਖਾਸ ਕਰਕੇ ਉੱਪਰਲੇ ਪੱਤਿਆਂ 'ਤੇ ਘੋਲ ਦੀ ਚੰਗੀ ਕਵਰੇਜ ਹੋਵੇ।

**ਅਸ਼ੋਕ ਕੁਮਾਰ ਗਰਗ ਅਤੇ ਪ੍ਰਿਤਪਾਲ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ (ਮੋ. 95018-55223)**

## ਮਾਸਕੋ (ਰੂਸ) ਵਿਖੇ ਫ਼ਸਲ ਉਤਸਵ



ਵਿਸ਼ਾਲ ਆਕਾਰ ਦੇ ਕੱਦੂ ਦਾ ਭਾਰ ਤੋਲਦਾ ਵਿਅਕਤੀ।




ਰੂਸ ਦੇ ਇੱਕ ਕਿਸਾਨ ਨੇ 969 ਕਿਲੋ ਕੱਦੂ ਦਾ ਰਾਸ਼ਟਰੀ ਰਿਕਾਰਡ ਤੋੜਿਆ।

# ਨਰਮੇ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਚੋਣ ਕਿਵੇਂ ਕਰੀਏ?





**ਗੁਲਾਬੀ ਸੁੰਡੀ ਨੂੰ ਵਿਸ਼ਵ ਭਰ ਵਿੱਚ ਨਰਮੇ-ਕਪਾਹ ਦੇ ਕੀੜੇ ਵਜੋਂ ਜਾਣਿਆ ਜਾਂਦਾ ਹੈ। ਇਹ ਕੀੜਾ ਨਰਮੇ ਦੇ ਫੁੱਲਾਂ ਅਤੇ ਟੀਂਡਿਆਂ ਤੇ ਹਮਲਾ ਕਰਦਾ ਹੈ ਅਤੇ ਸੀਜ਼ਨ ਦੇ ਅੰਤ ਵਿੱਚ ਰੂੰ ਅਤੇ ਬੀਜਾਂ ਦੀ ਮਾਤਰਾ ਅਤੇ ਗੁਣਵੱਤਾ ਦੋਨਾਂ ਨੂੰ ਘਟਾਉਂਦਾ ਹੈ। ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਫ਼ਸਲ ਦਾ ਸਰਵੇਖਣ ਕਰਨ ਦੇ ਨਾਲ-ਨਾਲ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸਿਫ਼ਾਰਿਸ਼ ਕਾਸ਼ਤਕਾਰੀ ਢੰਗਾਂ ਅਤੇ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ ਕਰਨ ਤਾਂ ਜੋ ਇਸ ਕੀੜੇ ਦੇ ਪ੍ਰਕੋਪ ਤੋਂ ਬਚਿਆ ਜਾ ਸਕੇ।**

## ਗੁਲਾਬੀ ਸੁੰਡੀ ਦਾ ਸਰਵੇਖਣ

★ ਗੁਲਾਬੀ ਸੁੰਡੀ ਦੇ ਸਰਵੇਖਣ ਲਈ ਫੀਰੋਮਨ ਟਰੈਪ ਵਰਤੋਂ, ਜਿਸ ਵਿੱਚ ਘੱਟ-ਘੱਟ 10 ਮਾਈਕ੍ਰੋਲੀਟਰ ਫੀਰੋਮਨ ਪ੍ਰਤੀ ਲਿਓਰ (ਗੋਸੀਪਲੋਰ) ਹੋਵੇ। ਇਹਨਾਂ ਨੂੰ ਮਿਲ੍ਹਾਂ ਦੇ ਆਲੇ-ਦੁਆਲੇ ਅਤੇ ਨਰਮੇ ਦੇ ਖੇਤਾਂ ਵਿੱਚ ਲਗਾਓ। ਟਰੈਪ ਫ਼ਸਲ ਤੋਂ 15 ਸੈਂਟੀਮੀਟਰ ਉੱਚਾ ਰੱਖੋ। ਲਿਓਰ ਨੂੰ 15 ਦਿਨਾਂ ਬਾਅਦ ਬਦਲੋ ਅਤੇ 2 ਟ੍ਰੈਪ ਪ੍ਰਤੀ ਏਕੜ ਵਰਤੋਂ।

★ ਜਦੋਂ ਨਰਮੇ ਨੂੰ ਫੁੱਲ ਡੋਡੀ ਲੱਗਣੀ ਸ਼ੁਰੂ ਹੋ ਜਾਵੇ ਤਾਂ ਹਫ਼ਤੇ ਦੇ ਵਕਫ਼ੇ ਤੇ ਭੰਬੀਰੀ ਬਣੇ ਫੁੱਲਾਂ ਦਾ ਸਰਵੇਖਣ ਕਰੋ। ਜਦੋਂ ਫ਼ਸਲ 70 ਦਿਨਾਂ ਦੀ ਹੋ ਜਾਵੇ ਤਾਂ ਨਰਮੇ ਦੇ ਕੱਚੇ ਟੀਂਡਿਆਂ ਨੂੰ ਤੋੜ ਕੇ ਸੁੰਡੀ ਦੇ ਹਮਲੇ ਵਾਸਤੇ 7-10 ਦਿਨਾਂ ਬਾਅਦ ਨਿਰੀਖਣ ਕਰਦੇ ਰਹੋ।

## ਰਸਾਇਣਿਕ ਰੋਕਥਾਮ

ਨਰਮੇ ਦੀ 60 ਤੋਂ 120 ਦਿਨ ਦੀ ਫ਼ਸਲ ਉਪਰ ਗੁਲਾਬੀ ਸੁੰਡੀ ਦਾ ਫੁੱਲਾਂ ਜਾਂ ਟੀਂਡਿਆਂ ਤੇ ਹਮਲਾ 5 ਪ੍ਰਤੀਸ਼ਤ ਤੱਕ ਪਹੁੰਚ ਜਾਵੇ ਤਾਂ ਇਸ ਦੀ ਰੋਕਥਾਮ ਲਈ 100 ਗ੍ਰਾਮ ਪਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜ਼ੋਏਟ) ਜਾਂ 500 ਮਿਲੀਲਿਟਰ ਕਿਊਰਾਕਰਾਨ 50 ਈ ਸੀ (ਪ੍ਰੋਫੈਨੋਫਾਸ) ਜਾਂ 170 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 250 ਗ੍ਰਾਮ ਲਾਰਵਿਨ 75 ਡਬਲਯੂ ਪੀ (ਥਾਇਓਡੀਕਾਰਬ) ਜਾਂ 800 ਮਿਲੀਲਿਟਰ ਫਾਸਮਾਈਟ 50 ਈ ਸੀ (ਈਥੀਆਨ) ਪ੍ਰਤੀ ਏਕੜ ਦਾ ਛਿੜਕਾਅ ਕਰੋ। ਲੋੜ ਅਨੁਸਾਰ 7-10 ਦਿਨਾਂ ਬਾਅਦ ਛਿੜਕਾਅ ਦੁਬਾਰਾ ਕਰੋ। ਨਰਮੇ ਦੀ 120 ਦਿਨਾਂ ਦੀ ਫ਼ਸਲ ਉਪਰ ਗੁਲਾਬੀ ਸੁੰਡੀ ਦੀ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ/ਮੀਓਥ੍ਰਿਨ 10 ਈ ਸੀ (ਫੈਨਪ੍ਰੋਪੈਥ੍ਰਿਨ) ਜਾਂ 160 ਮਿਲੀਲਿਟਰ ਡੇਸਿਸ 2.8 ਈ ਸੀ (ਡੈਲਟਾਮੈਥਰਿਨ) ਜਾਂ 200 ਮਿਲੀਲਿਟਰ ਸਾਈਪਰਮੈਥ੍ਰਿਨ 10 ਈ ਸੀ ਜਾਂ 100 ਮਿਲੀਲਿਟਰ ਫੈਨਵਲਰੇਟ 20 ਈ ਸੀ ਜਾਂ 300 ਮਿਲੀਲਿਟਰ ਬੁਲਡਾਕ 0.25 ਐਸ ਸੀ (ਬੀਟਾ ਸਾਈਫਲੂਥਰਿਨ) ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**ਨੋਟ :**

★ ਇਕੋ ਗਰੁੱਪ ਦੀਆਂ ਕੀਟਨਾਸ਼ਕਾਂ ਦਾ ਇੱਕ ਤੋਂ ਵੱਧ ਛਿੜਕਾਅ ਨਾ ਕਰੋ।

★ ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਅੱਧ ਸਤੰਬਰ ਤੋਂ ਪਹਿਲਾਂ ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾ ਕਰੋ।

★ ਜੇਕਰ ਛਿੜਕਾਅ ਕਰਨ ਤੋਂ 24 ਘੰਟੇ ਦੇ ਅੰਦਰ ਵਰਖਾ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ।

**ਜਸਰੀਤ ਕੌਰ ਅਤੇ ਜਸਜਿੰਦਰ ਕੌਰ,**
**ਖੇਤਰੀ ਖੋਜ ਕੇਂਦਰ, ਬਠਿੰਡਾ**
(ਮੋ. 99883-38260)

# ਖੇਤੀ ਸੰਕਟ : ਕੌਣ ਜਾਣੇ ਪੀੜ ਪਰਾਈ...



**ਕਿਸਾਨ ਦੁਆਰਾ ਕੀਤੇ ਜਾਣ ਵਾਲੇ ਖਰਚੇ ਉਸ ਦੀ ਐਸ਼ਪ੍ਰਸਤੀ ਨਹੀਂ, ਸਗੋਂ ਆਪਣੀ ਹੋਂਦ ਅਤੇ ਦੇਸ਼ ਵਾਸੀਆਂ ਦੇ ਢਿੱਡ ਭਰਨ ਲਈ ਕੀਤੀ ਜਾਂਦੀ ਜੱਦੋ-ਜਹਿਦ ਹੈ। ਸਮਾਜ ਨੂੰ ਕਿਸਾਨਾਂ ਪ੍ਰਤੀ ਆਪਣੀ ਸੋਚ ਬਦਲਣੀ ਪਵੇਗੀ ਅਤੇ ਸਰਕਾਰਾਂ ਨੂੰ ਜ਼ਮੀਨੀ ਪੱਧਰ 'ਤੇ ਕਿਸਾਨ ਦੀ ਬਾਂਹ ਫੜਨੀ ਪਵੇਗੀ, ਤਾਂ ਹੀ 'ਜੈ ਕਿਸਾਨ' ਦੇ ਨਾਅਰੇ ਦਾ ਅਸਲ ਮਕਸਦ ਪੂਰਾ ਹੋ ਸਕੇਗਾ।**

ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਕਿਹਾ ਜਾਂਦਾ ਹੈ ਅਤੇ ਪੰਜਾਬ ਦਾ ਕਿਸਾਨ ਦੇਸ਼ ਦੇ ਅੰਨ ਭੰਡਾਰ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ। ਪਰ ਅੱਜ ਅੰਨਦਾਤੇ ਦੀ ਹਾਲਤ ਬੇਹੱਦ ਚਿੰਤਾਜਨਕ ਹੈ। ਮੀਡੀਆ, ਸੋਸ਼ਲ ਮੀਡੀਆ ਜਾਂ ਖੇਤੀਬਾੜੀ ਦੇ ਪਿਛੋਕੜ ਤੋਂ ਸੱਖਣੇ ਕੁਝ ਲੋਕ ਅਕਸਰ ਇਹ ਦੋਸ਼ ਲਾਉਂਦੇ ਹਨ ਕਿ ਕਿਸਾਨ ਬੇਲੋੜੇ ਖਰਚੇ ਕਰਦੇ ਹਨ ਜਾਂ ਕਰਜ਼ੇ ਚੁੱਕ ਕੇ ਐਸ਼ ਕਰਦੇ ਹਨ। ਪਰ ਇਹ ਸਿਰਫ ਭਰਮ ਹੈ। ਅਸਲੀਅਤ ਇਹ ਹੈ ਕਿ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਹੀ, ਕਿਉਂਕਿ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੁਣ ਖੇਤੀਬਾੜੀ ਦੇ ਸੰਦਾਂ, ਬੀਜਾਂ, ਖਾਦਾਂ, ਕੀਟਨਾਸ਼ਕਾਂ ਆਦਿ 'ਤੇ ਹੋ ਚੁੱਕਿਆ ਹੈ। ਉਹ ਆਪਣੀ ਵਸਤੂ ਮਨਮਰਜ਼ੀ ਦੇ ਰੇਟ 'ਤੇ ਵੇਚਦੇ ਹਨ।

ਕਿਸਾਨੀ ਦਾ ਅੰਦਰੂਨੀ ਸੰਕਟ, ਕੁਦਰਤ ਦੀ ਮਾਰ, ਪਾਣੀ ਦਾ ਡਿੱਗਦਾ ਪੱਧਰ ਅਤੇ ਖੜ੍ਹੇ ਪੈਰ ਹੋਣ ਵਾਲੇ ਅਣਕਿਆਸ ਖਰਚੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੱਕ ਰਹੇ ਹਨ। ਝੋਨੇ ਦੀ ਲੁਆਈ ਵੇਲੇ ਪਾਣੀ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਪਰ ਪਿਛਲੇ ਕੁਝ ਦਹਾਕਿਆਂ ਵਿੱਚ ਬਾਰਿਸ਼ਾਂ ਦੇ ਬਦਲਦੇ ਮਿਜ਼ਾਜ ਅਤੇ ਘੱਟ ਮੀਂਹ ਪੈਣ ਕਾਰਨ ਧਰਤੀ ਹੇਠਲਾ ਪਾਣੀ ਸੈਂਕੜੇ ਫੁੱਟ ਡੂੰਘਾ ਚਲਾ ਗਿਆ ਹੈ। ਇਹ ਸਮੱਸਿਆ ਕਿਸਾਨਾਂ ਲਈ ਮੁਸੀਬਤ ਬਣ ਚੁੱਕੀ ਹੈ, ਕਿਉਂਕਿ ਉਨ੍ਹਾਂ ਨੂੰ ਹਰ ਤੀਜੇ-ਚੌਥੇ ਸਾਲ ਨਵੇਂ ਅਤੇ ਡੂੰਘੇ ਬੋਰ ਕਰਵਾਉਣੇ ਪੈਂਦੇ ਹਨ, ਜਿਸ 'ਤੇ ਲੱਖਾਂ ਰੁਪਏ ਖਰਚ ਹੁੰਦੇ ਹਨ। ਜਦੋਂ ਟਿਊਬਵੈਲ ਦੀ ਮੋਟਰ ਸੜਦੀ ਹੈ ਤਾਂ ਸਿਰਫ ਮਿਸਤਰੀ ਦੀ ਫੀਸ ਨਹੀਂ ਹੁੰਦੀ, ਸਗੋਂ ਹੋਰ ਖਰਚੇ ਵੀ ਹੁੰਦੇ ਹਨ। ਮੋਟਰ ਨੂੰ ਸੈਂਕੜੇ ਫੁੱਟ ਬੋਰ ਵਿੱਚੋਂ ਬਾਹਰ ਕੱਢਣਾ, ਪੱਖੇ ਦੀ ਮੁਰੰਮਤ ਕਰਵਾਉਣੀ ਅਤੇ ਜੇਕਰ 400-500 ਫੁੱਟ ਤਾਰ ਸੜ ਜਾਵੇ ਤਾਂ ਤੁਰੰਤ 40,000 ਤੋਂ 50,000 ਰੁਪਏ ਦਾ ਖਰਚਾ ਸਿਰਫ ਤਾਰ 'ਤੇ ਆ ਜਾਂਦਾ ਹੈ। ਜੇਕਰ ਮੋਟਰ ਠੀਕ ਵੀ ਹੋ ਜਾਵੇ, ਤਾਂ ਪਾਣੀ ਦਾ ਪੱਧਰ ਹੋਰ ਨੀਵਾਂ ਹੋਣ ਕਾਰਨ ਕਈ ਵਾਰ ਮੋਟਰ ਚੱਲਣ ਤੋਂ ਬਾਅਦ ਪਾਣੀ ਤੋੜ ਦਿੰਦੀ ਹੈ। ਫਿਰ ਦੁਬਾਰਾ ਬਾਜ਼ਾਰ ਜਾਣਾ, ਵਾਧੂ ਪਾਈਪਾਂ (ਡਿਲਿਵਰੀ ਪਾਈਪ) ਲਿਆਉਣੀਆਂ ਅਤੇ ਮਿਸਤਰੀ ਨੂੰ ਦੁਬਾਰਾ ਸੱਦਣਾ। ਇਹ ਸਭ ਕਿਸਾਨ ਦੇ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਦੀ ਜਿਉਂਦੀ-ਜਾਗਦੀ ਮਿਸਾਲ ਹੈ।

### ਖੇਤੀ ਲਾਗਤਾਂ ਵਿੱਚ ਬੇਤਹਾਸ਼ਾ ਵਾਧਾ

ਖੇਤੀਬਾੜੀ ਵਿੱਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦਿਨ-ਬ-ਦਿਨ ਆਸਮਾਨ ਨੂੰ ਛੂਹ ਰਹੀਆਂ ਹਨ, ਜਦੋਂਕਿ ਫ਼ਸਲਾਂ ਦੇ ਭਾਅ (ਐਮ. ਐਸ. ਪੀ.) ਖੇਤੀ ਲਾਗਤਾਂ ਦੇ ਅਨੁਪਾਤ ਵਿੱਚ ਨਹੀਂ ਵਧਦੇ, ਜਿਸ ਕਾਰਨ ਕਿਸਾਨ ਨੂੰ ਆਰਥਿਕ ਮਾਰ ਝੱਲਣੀ ਪੈ ਰਹੀ ਹੈ। ਟਰੈਕਟਰ ਚਲਾਉਣ ਅਤੇ ਬਿਜਲੀ ਨਾ ਆਉਣ 'ਤੇ ਜੈਨਰੇਟਰ ਚਲਾਉਣ ਲਈ ਡੀਜ਼ਲ ਦੀ ਲੋੜ ਹੁੰਦੀ ਹੈ। ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੇ ਕਿਸਾਨ ਸਮੇਤ ਹਰ ਵਰਗ ਦਾ ਲੱਕ ਤੋੜ ਦਿੱਤਾ ਹੈ।

ਖਾਦਾਂ ਅਤੇ ਕੀਟਨਾਸ਼ਕ ਯੂਰੀਆ, ਡੀ. ਏ. ਪੀ. ਅਤੇ ਫ਼ਸਲਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਮਹਿੰਗੀਆਂ ਕੀਟਨਾਸ਼ਕ ਦਵਾਈਆਂ (Pesticides) ਖਰੀਦਣੀਆਂ ਪੈਂਦੀਆਂ ਹਨ। ਨਕਲੀ ਦਵਾਈਆਂ ਕਾਰਨ ਕਈ ਵਾਰ ਫ਼ਸਲ ਵੀ ਬਰਬਾਦ ਹੁੰਦੀ ਹੈ ਅਤੇ ਪੈਸਾ ਵੀ। ਇਸੇ ਤਰ੍ਹਾਂ ਮਸ਼ੀਨਰੀ ਅਤੇ ਖੇਤੀ ਸੰਦ, ਟਰੈਕਟਰ, ਹਲ, ਕੰਬਾਈਨਾਂ ਅਤੇ ਸੀਡਰਾਂ ਦੀਆਂ ਕੀਮਤਾਂ ਲੱਖਾਂ ਵਿੱਚ ਹਨ। ਛੋਟਾ ਕਿਸਾਨ ਇਹ ਮਸ਼ੀਨਰੀ ਖਰੀਦ ਨਹੀਂ ਸਕਦਾ ਅਤੇ ਜੇਕਰ ਕਿਰਾਏ 'ਤੇ ਲੈਂਦਾ ਹੈ ਤਾਂ ਕਿਰਾਇਆ ਹੀ ਉਸ ਦੀ ਅੱਧੀ ਕਮਾਈ ਖਾ ਜਾਂਦਾ ਹੈ।

### ਕੁਦਰਤੀ ਆਫਤਾਂ ਅਤੇ ਮੌਸਮ ਦੀ ਮਾਰ

ਕਿਸਾਨ ਦੀ ਫ਼ਸਲ ਖੁੱਲ੍ਹੇ ਆਮਸਾਨ ਹੇਠ ਹੁੰਦੀ ਹੈ। ਜਦੋਂ ਤੱਕ ਫ਼ਸਲ ਮੰਡੀ ਵਿੱਚ ਵਿਕ ਕੇ ਪੈਸੇ ਜੇਬ ਵਿੱਚ ਨਹੀਂ ਆ ਜਾਂਦੇ, ਉਦੋਂ ਤੱਕ ਕਿਸਾਨ ਸੁਰੱਖਿਅਤ ਨਹੀਂ ਹੁੰਦਾ। ਬੇਮੌਸਮੀ ਬਾਰਿਸ਼ ਅਤੇ ਗੜੇ ਫ਼ਸਲਾਂ ਦਾ ਬਹੁਤ ਨੁਕਸਾਨ ਕਰਦੇ ਹਨ। ਕਦੇ ਹੜ੍ਹਾਂ ਕਾਰਨ ਫ਼ਸਲ ਬਰਬਾਦ ਹੋ ਜਾਂਦੀ ਹੈ ਅਤੇ ਕਦੇ ਸੋਕੇ ਵਰਗੇ ਹਾਲਾਤ ਵਿੱਚ ਫ਼ਸਲਾਂ ਪਾਲਣੀਆਂ ਮੁਸ਼ਕਲ ਹੋ ਜਾਂਦੀਆਂ ਹਨ। ਸਰਕਾਰਾਂ ਵੱਲੋਂ ਮਿਲਣ ਵਾਲਾ ਮੁਆਵਜ਼ਾ ਬਹੁਤ ਨਿਗੂਣਾ ਹੁੰਦਾ ਹੈ। ਫ਼ਸਲ ਪਾਲਣ ਤੋਂ ਬਾਅਦ ਜਦੋਂ ਕਿਸਾਨ ਮੰਡੀ ਵਿੱਚ ਜਾਂਦਾ ਹੈ, ਉੱਥੇ ਵੀ ਉਸ ਦਾ ਸੰਘਰਸ਼ ਖਤਮ ਨਹੀਂ ਹੁੰਦਾ। ਨਮੀ (Moisture) ਦੇ ਨਾਂ 'ਤੇ ਕੱਟ ਲੱਗਦੇ ਹਨ। ਕਿਸਾਨ ਨੂੰ ਮੰਡੀਆਂ ਵਿੱਚ ਨਮੀ ਦੇ ਬਹਾਨੇ ਕਈ-ਕਈ ਦਿਨ ਰੋਲਿਆ ਜਾਂਦਾ ਹੈ ਜਾਂ ਘੱਟ ਰੇਟ 'ਤੇ ਫ਼ਸਲ ਵੇਚਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਬਾਰਦਾਨਾ (ਬੋਰੀਆਂ) ਨਾ ਮਿਲਣਾ ਅਤੇ ਤੋਲ ਵਿੱਚ ਹੇਰਾਫੇਰੀ ਹੋਣਾ ਆਮ ਗੱਲ ਹੈ। ਖਰਾਬ ਮੌਸਮ ਦੌਰਾਨ ਮੰਡੀਆਂ ਵਿੱਚ ਸ਼ੈਡਾਂ ਦੀ ਘਾਟ ਕਾਰਨ ਖੁੱਲ੍ਹੇ ਵਿੱਚ ਪਈ ਫ਼ਸਲ ਮੀਂਹ ਕਾਰਨ ਭਿੱਜ ਜਾਂਦੀ ਹੈ, ਜਿਸ ਦਾ ਹਰਜਾਨਾ ਵੀ ਕਿਸਾਨ ਨੂੰ ਹੀ ਭੁਗਤਣਾ ਪੈਂਦਾ ਹੈ।

### ਕਰਜ਼ੇ ਅਤੇ ਖੁਦਕੁਸ਼ੀਆਂ

ਜਦੋਂ ਖੜ੍ਹੇ ਪੈਰ ਅਣਕਿਆਸੇ ਖਰਚੇ ਆਉਂਦੇ ਹਨ ਅਤੇ ਜੇਬ ਵਿੱਚ ਪੈਸੇ ਨਹੀਂ ਹੁੰਦੇ, ਤਾਂ ਕਿਸਾਨ ਕੋਲ ਦੋ ਹੀ ਰਸਤੇ ਬਚਦੇ ਹਨ - ਬੈਂਕ ਜਾਂ ਆੜ੍ਹਤੀ (ਸ਼ਾਹੂਕਾਰ) ਛੋਟੇ ਕਿਸਾਨਾਂ ਨੂੰ ਬੈਂਕਾਂ ਤੋਂ ਆਸਾਨੀ ਨਾਲ ਕਰਜ਼ਾ ਨਹੀਂ ਮਿਲਦਾ, ਇਸ ਲਈ ਉਹ ਆੜ੍ਹਤੀਆਂ ਤੋਂ ਮਹਿੰਗੇ ਵਿਆਜ 'ਤੇ ਪੈਸੇ ਚੁੱਕਦੇ ਹਨ। ਇਹ ਕਰਜ਼ਾ ਪੀੜ੍ਹੀ ਦਰ ਪੀੜ੍ਹੀ ਚੱਲਦਾ ਰਹਿੰਦਾ ਹੈ। ਜਦੋਂ ਫ਼ਸਲ ਦੀ ਵਿਕਰੀ ਤੋਂ ਬਾਅਦ ਵੀ ਕਰਜ਼ਾ ਨਹੀਂ ਉਤਰਦਾ ਤਾਂ ਕਿਸਾਨ ਮਾਨਸਿਕ ਤੌਰ 'ਤੇ ਟੁੱਟ ਜਾਂਦਾ ਹੈ। ਇਹੀ ਕਾਰਨ ਹੈ ਕਿ ਅੱਜ ਪੰਜਾਬ ਅਤੇ ਦੇਸ਼ ਵਿੱਚ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਚੁੱਕੇ ਹਨ। ਪਰ ਸਮਾਜ ਦਾ ਇੱਕ ਹਿੱਸਾ ਕਿਸਾਨ ਦੀ ਮਿਹਨਤ ਨੂੰ ਸਮਝਣ ਦੀ ਬਜਾਏ ਉਸ ਦੀ ਆਲੋਚਨਾ ਕਰਦਾ ਹੈ। "ਕਿਸਾਨਾਂ ਕੋਲ ਤਾਂ ਬਹੁਤ ਪੈਸਾ ਹੈ, ਇਹ ਸਿਰਫ ਸਬਸਿਡੀਆਂ 'ਤੇ ਪਲਦੇ ਹਨ" ਕਹਿਣਾ ਬਹੁਤ ਆਸਾਨ ਹੈ, ਪਰ ਕੋਈ ਇਹ ਨਹੀਂ ਦੇਖਦਾ ਕਿ ਸਰਕਾਰ ਜੋ ਸਬਸਿਡੀਆਂ ਦਿੰਦੀ ਹੈ, ਉਹ ਖੇਤੀਬਾੜੀ ਦੇ ਨਾਮ 'ਤੇ ਇਕੱਲੇ ਕਿਸਾਨਾਂ ਲਈ ਨਹੀਂ, ਸਗੋਂ ਖਪਤਕਾਰਾਂ ਲਈ ਹਨ। ਜੇਕਰ ਸਰਕਾਰ ਸਬਸਿਡੀ ਨਾ ਦੇਵੇ ਤਾਂ ਅਨਾਜ ਹੋਰ ਮਹਿੰਗਾ ਹੋਵੇਗਾ, ਜਿਸਦਾ ਸਿੱਧਾ ਅਸਰ ਖਪਤਕਾਰਾਂ 'ਤੇ ਪਵੇਗਾ, ਪਰੰਤੂ ਇੱਥੇ ਭੁਲੇਖਾ ਇਹ ਹੈ ਕਿ ਸਬਸਿਡੀਆਂ ਕਿਸਾਨਾਂ ਲਈ ਹਨ, ਜਦੋਂਕਿ ਇਹ ਅਨਾਜ ਮਹਿੰਗਾ ਹੋਣ ਤੋਂ ਰੋਕਣ ਲਈ ਹਨ। ਸੋ, ਕਿਸਾਨ ਦਾ ਜੀਵਨ ਨਿਰੰਤਰ ਸੰਘਰਸ਼ ਹੈ। ਖੇਤੀਬਾੜੀ ਵਿੱਚ ਕਦੋਂ, ਕਿੱਥੇ ਅਤੇ ਕਿੰਨਾ ਖਰਚਾ ਆ ਜਾਵੇ, ਇਸ ਦਾ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਕਿਸਾਨ ਦੁਆਰਾ ਕੀਤੇ ਜਾਣ ਵਾਲੇ ਖਰਚੇ ਉਸ ਦੀ ਐਸ਼ਪ੍ਰਸਤੀ ਨਹੀਂ, ਸਗੋਂ ਆਪਣੀ ਹੋਂਦ ਅਤੇ ਦੇਸ਼ ਵਾਸੀਆਂ ਦੇ ਢਿੱਡ ਭਰਨ ਲਈ ਕੀਤੀ ਜਾਂਦੀ ਜੱਦੋ-ਜਹਿਦ ਹੈ। ਸਮਾਜ ਨੂੰ ਕਿਸਾਨਾਂ ਪ੍ਰਤੀ ਆਪਣੀ ਸੋਚ ਬਦਲਣੀ ਪਵੇਗੀ ਅਤੇ ਸਰਕਾਰਾਂ ਨੂੰ ਸਿਰਫ ਕਾਗਜ਼ੀ ਦਾਅਵਿਆਂ ਤੋਂ ਉੱਪਰ ਉੱਠ ਕੇ ਜ਼ਮੀਨੀ ਪੱਧਰ 'ਤੇ ਕਿਸਾਨ ਦੀ ਬਾਂਹ ਫੜਨੀ ਪਵੇਗੀ, ਤਾਂ ਹੀ 'ਜੈ ਕਿਸਾਨ' ਦੇ ਨਾਅਰੇ ਦਾ ਅਸਲ ਮਕਸਦ ਪੂਰਾ ਹੋ ਸਕੇਗਾ।

**ਦਰਸ਼ਨ ਸਿੰਘ ਗੁਰਨੇ ਕਲਾਂ,**
ਮੋ. 98766-76915



ਡਾ. ਰਣਜੀਤ ਸਿੰਘ

ਕਿਸਾਨਾਂ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਤੰਬਰ ਦਾ ਮਹੀਨਾ ਗਿਆਨ ਦਾ ਮਹੀਨਾ ਹੈ। ਤੁਹਾਡੇ ਕੋਲ ਵਿਹਲ ਹੁੰਦੀ ਹੈ। ਮੇਲੇ ਦੀਆਂ ਤਰੀਖਾਂ ਘਰ ਵਿੱਚ ਲਿਖ ਕੇ ਰੱਖੋ ਤਾਂ ਜੋ ਕਿਸੇ ਹੋਰ ਰੁਝੇਵੇਂ ਵਿੱਚ ਨਾ ਉਲਝਿਆ ਜਾ ਸਕੇ। ਇਕੱਲੇ ਮੇਲੇ ਵਿੱਚ ਨਾ ਆਵੋ ਘਰ ਵਾਲੀ ਨੂੰ ਨਾਲ ਲੈ ਕੇ ਆਵੋ ਉਸ ਲਈ ਵੀ ਲਿਖਣ ਲਈ ਬਹੁਤ ਕੁਝ ਹੈ। ਮੇਲੇ ਵਿੱਚ ਪੁੱਜ ਸਿੱਧੇ ਬੀਜ ਵਿਕਰੀ ਕੇਂਦਰ ਉਤੇ ਨਾ ਜਾਵੋ ਸਗੋਂ ਮਹੱਤਵਪੂਰਨ ਪ੍ਰਦਰਸ਼ਨੀਆਂ ਨੂੰ ਜ਼ਰੂਰ ਵੇਖਿਆ ਜਾਵੇ। ਆਮ ਤੌਰ ਉਤੇ ਵੇਖਿਆ ਗਿਆ ਹੈ ਕਿਸਾਨ ਸਿੱਧੇ ਬੀਜ ਵਿਕਰੀ ਕੇਂਦਰ ਉਤੇ ਜਾਂਦੇ ਹਨ। ਬੀਜ ਖਰੀਦ ਮੁੱਖ ਪ੍ਰਦਰਸ਼ਨੀ ਮੈਦਾਨ ਵਿੱਚੋਂ ਕੁਝ ਵਸਤਾਂ ਖਰੀਦ ਚਾਹ ਪਕੌੜੇ ਅਤੇ ਜਲੇਬੀਆਂ ਖਾ ਕੇ ਵਾਪਸੀ ਲਈ ਚਾਲੇ ਪਾ ਲੈਂਦੇ ਹਨ। ਆਪਣੀਆਂ ਸਮੱਸਿਆਵਾਂ ਲਿਖ ਕੇ ਲਿਆਵੋ, ਸੰਬੰਧਿਤ ਵਿਗਿਆਨੀ ਨਾਲ ਉਨ੍ਹਾਂ ਬਾਰੇ ਵਿਚਾਰ ਕਰੋ। ਆਪਣੇ ਪ੍ਰਸ਼ਨ ਤੁਸੀਂ ਪ੍ਰਸ਼ਨ ਉੱਤਰ ਸੈਸ਼ਨ ਵਿਚ ਵੀ ਪੁੱਛ ਸਕਦੇ ਹੋ। ਯੂਨੀਵਰਸਿਟੀ ਦੀ ਕਿਤਾਬਾਂ ਵਾਲੀ ਦੁਕਾਨ ਉਤੇ ਵੀ ਜਾਵੋ। ਆਪਣੀ ਲੋੜ ਅਨੁਸਾਰ ਕਿਤਾਬਾਂ ਖਰੀਦੋ।



# ਗਿਆਨ ਪ੍ਰਾਪਤੀ ਦੇ ਸੋਮੇ - ਕਿਸਾਨ ਮੇਲੇ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਥਾਪਨਾ 1962 ਵਿੱਚ ਹੋਈ। ਦੇਸ਼ ਵਿੱਚ ਇਸ ਦੀ ਅਹਿਮ ਭੂਮਿਕਾ ਹੈ। ਇਸੇ ਕਰਕੇ ਇਹ

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

ਹੁਣ ਤੱਕ ਦੇਸ਼ ਦੀ ਸਭ ਤੋਂ ਵਧੀਆ ਖੇਤੀ ਯੂਨੀਵਰਸਿਟੀ ਬਣੀ ਹੋਈ ਹੈ। ਇਹ ਰੁਤਬਾ ਇਸ ਨੂੰ ਕੇਵਲ ਵਧੀਆ ਖੋਜ ਅਤੇ ਪੜ੍ਹਾਈ ਕਰਕੇ ਹੀ ਨਹੀਂ ਮਿਲਿਆ ਸਗੋਂ ਇਸ ਖੋਜ ਨੂੰ ਕਿਸਾਨਾਂ ਤੱਕ ਪਹੁੰਚਾਉਣ ਅਤੇ ਅਪਨਾਉਣ ਲਈ ਪ੍ਰੇਰਿਤ ਕਰਨ ਕਰਕੇ ਵੀ ਹੈ। ਜਿਤਨੇ ਨੇੜਲੇ ਸੰਬੰਧ ਕਿਸਾਨਾਂ ਨਾਲ ਇਸ ਸੰਸਥਾ ਦੇ ਹਨ ਸ਼ਾਇਦ ਭਾਰਤ ਤਾਂ ਕੀ ਸੰਸਾਰ ਵਿੱਚ ਵੀ ਹੋਰ ਕਿਸੇ ਸੰਸਥਾ ਦੇ ਨਹੀਂ ਹਨ। ਲੱਖਾਂ ਲੋਕ ਹਰ ਸਾਲ ਇਸ ਦੇ ਕੇਂਦਰਾਂ ਵਿੱਚ ਮਾਹਿਰਾਂ ਪਾਸੋਂ ਆਪਣੀਆਂ



ਸਮੱਸਿਆਵਾਂ ਦੇ ਹਲ ਅਤੇ ਨਵੇਂ ਗਿਆਨ ਦੀ ਪ੍ਰਾਪਤੀ ਲਈ ਆਉਂਦੇ ਹਨ। ਪੰਜਾਬ ਦਾ ਕੋਈ ਵੀ ਕਿਸਾਨ ਅਜਿਹਾ ਨਹੀਂ ਹੈ ਜਿਹੜਾ ਇਸ ਦੇ ਨਾਮ ਤੋਂ ਜਾਣੂ ਨਾ ਹੋਵੇ ਅਤੇ ਇੱਥੇ ਫੇਰਾ ਨਾ ਪਾਇਆ ਹੋਵੇ। ਇੱਥੋਂ ਦੇ ਪਸਾਰ ਮਾਹਿਰਾਂ ਨੇ ਕਿਸਾਨਾਂ ਅੰਦਰ ਕੇਵਲ ਵਿਗਿਆਨਕ ਸੋਚ ਨੂੰ ਹੀ ਉਜਾਗਰ ਨਹੀਂ ਕੀਤਾ ਸਗੋਂ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਉੱਤੇ ਪੂਰਨ ਭਰੋਸਾ ਵੀ ਕਰਵਾਇਆ। ਕਿਸਾਨਾਂ ਨੂੰ ਯੂਨੀਵਰਸਿਟੀ ਨਾਲ ਜੋੜਨ ਵਿੱਚ ਪਸਾਰ ਦੇ ਵੱਖ-ਵੱਖਰੇ ਢੰਗ ਤਰੀਕਿਆਂ ਵਿੱਚੋਂ ਕਿਸਾਨ ਮੇਲਿਆਂ ਦੀ ਅਹਿਮ ਭੂਮਿਕਾ ਹੈ।

ਪਹਿਲਾ ਮੇਲਾ ਮਾਰਚ 1967 ਵਿੱਚ ਲਗਾਇਆ ਗਿਆ। ਅਸੀਂ ਦੋ ਦਿਨ ਦੇ ਮੇਲੇ ਦਾ ਪ੍ਰੋਗਰਾਮ ਉਲੀਕਿਆ ਜਿਸ ਵਿੱਚ ਪ੍ਰਦਰਸ਼ਨੀ, ਯੂਨੀਵਰਸਿਟੀ ਦੇ ਖੇਤਾਂ ਦਾ ਦੌਰਾ, ਮਰਦਾਂ ਵਿੱਚ ਖੇਡ ਮੁਕਾਬਲੇ ਅਤੇ ਔਰਤਾਂ ਵਿੱਚ ਚਰਖਾ, ਵੇਲਣਾ, ਬੁਣਾਈ ਆਦਿ ਦੇ ਮੁਕਾਬਲੇ ਕਰਵਾਉਣਾ ਸ਼ਾਮਿਲ ਕੀਤਾ ਗਿਆ। ਦੁਪਹਿਰ ਪਿੱਛੋਂ ਕਿਸਾਨ ਮਾਹਿਰ ਗੋਸ਼ਠੀ ਅਤੇ ਸ਼ਾਮ ਨੂੰ ਮਨਪ੍ਰਚਾਵੇ ਲਈ ਰੰਗਾਰੰਗ ਪ੍ਰੋਗਰਾਮ ਵੀ ਉਲੀਕਿਆ ਗਿਆ। ਉਦੋਂ ਰੇਡੀਓ ਅਤੇ ਅਖ਼ਬਾਰਾਂ ਹੀ ਪ੍ਰਚਾਰ ਦੇ ਸਾਧਨ ਸਨ ਜਿਨ੍ਹਾਂ ਦੀ ਪਹੁੰਚ ਸੀਮਤ ਸੀ। ਉਦੋਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਪੀ. ਐਨ. ਥਾਪਰ ਸਨ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਬੁਲਾਈ ਅਤੇ ਬੇਨਤੀ ਕੀਤੀ ਕਿ ਵੱਧ ਤੋਂ ਵੱਧ ਕਿਸਾਨ ਮੇਲੇ ਵਿੱਚ ਆਉਣ। ਇਸ ਲਈ ਪ੍ਰੇਰਿਤ ਕਰਨ ਵਿੱਚ ਸਾਡੀ ਸਹਾਇਤਾ ਕੀਤੀ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਕਣਕ ਦੇ ਵੱਧ ਝਾੜ ਦੇਣ ਵਾਲੇ ਬੀਜਾਂ ਨੂੰ ਦੋ ਕਿਲੋ ਦੀਆਂ ਥੈਲੀਆਂ ਬਣਾ ਕੇ ਵੇਚਿਆ ਜਾਵੇ ਤਾਂ ਜੋ ਆਉਣ ਵਾਲੇ ਸਾਰੇ ਕਿਸਾਨਾਂ ਨੂੰ ਬੀਜ ਮਿਲ ਸਕੇ। ਪਹਿਲੇ ਦਿਨ ਕੋਈ ਦਸ ਹਜ਼ਾਰ ਕਿਸਾਨਾਂ ਨੇ ਯੂਨੀਵਰਸਿਟੀ ਦੇ ਵਿਹੜੇ ਪੈਰ ਪਾਏ। ਬਹੁਤੇ ਪਹਿਲੀ ਵੇਰ ਇਥੇ ਆਏ ਸਨ। ਦੂਜੇ ਦਿਨ ਵੀ ਇਤਨੇ ਕੁ ਹੀ ਕਿਸਾਨ ਆਏ। ਵੀ. ਸੀ. ਸਾਹਿਬ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਹੁਣ ਤੱਕ ਪ੍ਰਧਾਨ ਮੰਤਰੀ ਤੇ ਹੋਰ ਵੱਡੇ ਲੋਕ ਦੇਸ਼ ਤੇ ਪ੍ਰਦੇਸ਼ਾਂ ਵਿੱਚੋਂ ਸਾਡਾ ਕੰਮ ਵੇਖਣ ਆਉਂਦੇ ਸੀ ਪਰ ਅੱਜ ਪਹਿਲੀ ਵਾਰ ਸਾਡੇ ਅਸਲੀ ਮਾਲਕ ਤੁਸੀਂ ਸਾਡਾ ਕੰਮ ਵੇਖਣ ਆਏ ਹੋ। ਇਹ ਤੁਹਾਡੇ ਲਈ ਬਣਾਈ ਗਈ ਤੁਹਾਡੀ ਸੰਸਥਾ ਹੈ। ਤੁਹਾਡੇ ਇੱਥੇ ਆਉਣ ਤੇ ਹਮੇਸ਼ਾਂ ਤੁਹਾਡਾ ਮਾਲਕਾਂ ਵਾਂਗ ਸੁਆਗਤ ਕੀਤਾ ਜਾਵੇਗਾ। ਮੇਰੀ ਖੁਸ਼ਕਿਸਮਤੀ ਹੈ ਕਿ ਉਦੋਂ ਭਾਵੇਂ ਮੈਂ ਅਧਿਆਪਕਾਂ ਵਿੱਚ ਸਭ ਤੋਂ ਹੇਠਲੇ ਡੰਡੇ ਉੱਤੇ ਸਾਂ, ਪਰ ਪ੍ਰੋਗਰਾਮ ਸੰਚਾਲਨ ਦੀ ਜ਼ਿੰਮੇਵਾਰੀ ਮੈਨੂੰ ਸੰਭਾਲਣੀ ਪਈ। ਜਿਸ ਨੂੰ ਕਿ ਮੈਂ ਕਈ ਵਰ੍ਹੇ ਆਪਣੀ ਸੂਝ ਅਨੁਸਾਰ ਪੂਰੀ ਇਮਾਨਦਾਰੀ ਨਾਲ ਨਿਭਾਇਆ। ਕਣਕ ਦੇ ਨਵੇਂ ਬੀਜ ਲਗਭਗ ਹਰੇਕ ਪਿੰਡ ਵਿੱਚ ਪਹੁੰਚੇ। ਇਨ੍ਹਾਂ ਦੇ ਝਾੜ ਦਾ ਚਮਤਕਾਰ ਵੇਖ ਅਗਲੇ ਸਾਲ ਮੇਲੇ ਆਉਣ ਵਾਲੇ ਕਿਸਾਨਾਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਜਿਸ ਵਿੱਚ ਹਰ ਸਾਲ ਵਾਧਾ ਹੁੰਦਾ ਰਿਹਾ ਹੈ। ਪੰਜਾਬ ਦੇ ਔਖੇ ਦਿਨਾਂ ਵਿੱਚ ਵੀ ਮੇਲਾ ਹਰ ਸਾਲ ਭਰਦਾ ਰਿਹਾ ਹੈ।

ਪੰਜਾਬ ਦੀ ਖੇਤੀ ਇਸ ਸਮੇਂ ਸੰਕਟ ਵਿੱਚ ਹੈ। ਕਿਸਾਨ ਦੀ ਸ਼ੁੱਧ ਆਮਦਨ ਵਿੱਚ ਖੜੋਤ ਆ ਗਈ ਹੈ। ਵਾਧੇ ਦੀ ਥਾਂ ਇਹ ਹਰੇਕ ਵਰ੍ਹੇ ਘੱਟ ਰਹੀ ਹੈ। ਜਿਸ ਕਰਕੇ ਕਿਸਾਨਾਂ ਨੂੰ ਕਰਜ਼ਾ ਲੈਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸ ਦੇ ਦੋ ਮੁੱਖ ਕਾਰਨ ਹਨ। ਪਰਿਵਾਰਿਕ ਵੰਡੀਆਂ ਪੈਣ ਕਾਰਨ ਕਿਸਾਨਾਂ ਦੀ ਮਾਲਕੀ ਜ਼ਮੀਨ ਘਟ ਰਹੀ ਹੈ ਜਿਸ ਕਰਕੇ ਉਨ੍ਹਾਂ ਨੂੰ ਜ਼ਮੀਨ ਠੇਕੇ ਉੱਤੇ ਲੈਣੀ ਪੈਂਦੀ ਹੈ।

ਬਾਕੀ ਸਫਾ 6 'ਤੇ

ਕਿਸਾਨ ਵੀਰੋ, ਹੁਣ ਕਿਸਾਨ ਮੇਲਿਆਂ ਦਾ
ਇੰਤਜ਼ਾਰ ਕਰਨ ਦੀ ਲੋੜ ਨਹੀਂ
ਖੇਤੀ ਦੁਨੀਆਂ
ਦੀ ਮੈਂਬਰਸ਼ਿਪ ਲੈਣ 'ਤੇ ਵਿਸ਼ੇਸ਼ ਛੂਟ
ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ ਲਈ
250/-
ਰੁਪਏ
ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ
ਸਰਵਿਸ ਮੁਫ਼ਤ ਪ੍ਰਾਪਤ ਕਰੋ।
ਪੇਮੇਂਟ ਕਰਨ ਤੋਂ ਬਾਅਦ ਆਪਣਾ ਨਾਮ, ਪਿਤਾ ਦਾ ਨਾਮ,
ਘਰ ਦਾ ਪੂਰਾ ਪਤਾ ਪਿੰਡ, ਡਾਕਖਾਨਾ, ਤਹਿਸੀਲ, ਜ਼ਿਲ੍ਹਾ, ਪਿੰਨ ਕੋਡ
ਅਤੇ ਪੇਮੇਂਟ ਦਾ ਸਕਰੀਨ ਛੋਟ ਸਾਨੂੰ ਵੱਟਸਐਪ ਰਾਹੀਂ ਭੇਜੋ।
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
Website : www.khetiduniyan.in
E-mail : khetiduniyan1983@gmail.com

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 44 ਅੰਕ 37**
**ਮਿਤੀ 12-09-2026**

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers**,
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**


# ਖੇਤਾਂ ਤੋਂ ਸ਼ੁਰੂ ਹੋਵੇ ਊਰਜਾ ਸਵੈ-ਨਿਰਭਰਤਾ




ਇੰਦਰਪ੍ਰੀਤ ਸਿੰਘ
ਮੋ. 96465-05020


**ਵੱਡਾ ਸਵਾਲ ਇਹ ਹੈ ਕਿ ਜੋ ਪਰਾਲੀ ਅੱਜ ਕਿਸਾਨਾਂ ਲਈ ਬੋਝ ਹੈ, ਕੀ ਉਹ ਕੱਲ੍ਹ ਨੂੰ ਪੰਜਾਬ ਲਈ ਈਧਨ ਬਣ ਸਕਦੀ ਹੈ ? ਉੱਤਰ ਹੈ ਹਾਂ ਅਤੇ ਇਸ ਦਾ ਰਾਹ ਕੰਪ੍ਰੈਸਡ ਬਾਇਓਗੈਸ (ਸੀਬੀਜੀ) ਹੋ ਸਕਦਾ ਹੈ।**

ਬੀਤੇ ਕੁਝ ਅਰਸੇ ਵਿੱਚ ਦੋ-ਤਿੰਨ ਵੱਡੀਆਂ ਸਮੱਸਿਆਵਾਂ ਨੇ ਪੂਰੇ ਦੇਸ਼ ਵਿੱਚ ਹਰ ਕਿਸੇ ਦਾ ਧਿਆਨ ਖਿੱਚਿਆ ਹੈ ਮਸਲਨ ਈਰਾਨ-ਅਮਰੀਕਾ ਜੰਗ ਕਾਰਨ ਪੈਟਰੋਲ, ਡੀਜ਼ਲ ਅਤੇ ਗੈਸ ਦੀ ਘਾਟ, ਕਿਸਾਨਾਂ ਨੂੰ ਰਸਾਇਣਕ ਖਾਦਾਂ ਦੀ ਕਮੀ ਤੇ ਪੈਟਰੋਲ ਵਿੱਚ ਈਥਾਨੋਲ ਦੀ ਮਿਲਾਵਟ ਆਦਿ। ਆਉਣ ਵਾਲੇ ਕੁਝ ਦਿਨਾਂ ਵਿੱਚ ਪਰਾਲੀ ਨੂੰ ਸਾੜਨ ਵਰਗੀ ਇੱਕ ਹੋਰ ਵੱਡੀ ਸਮੱਸਿਆ ਸਾਡੇ ਸਾਹਮਣੇ ਮੂੰਹ ਅੱਡ ਕੇ ਖੜ੍ਹੀ ਮਿਲੇਗੀ। ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਕੋਈ ਪੱਕਾ ਹੱਲ ਤਾਂ ਸ਼ਾਇਦ ਹੀ ਮਿਲੇ ਪਰ ਪਰਾਲੀ ਜਾਂ ਫ਼ਸਲੀ ਰਹਿੰਦ-ਖੂੰਹਦ ਇਸ ਸਮੱਸਿਆ ਨੂੰ ਘਟਾ ਜ਼ਰੂਰ ਸਕਦੀ ਹੈ।

ਸਰਕਾਰ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਮਸ਼ੀਨਾਂ, ਸਬਸਿਡੀਆਂ ਤੇ ਜੁਰਮਾਨਿਆਂ ਦਾ ਸਹਾਰਾ ਲੈਂਦੀ ਹੈ ਅਤੇ ਦਿੱਲੀ ਦੇ ਹਵਾ ਪ੍ਰਦੂਸ਼ਣ ਦਾ ਮੁੱਦਾ ਪੰਜਾਬ ਦੀ ਸਿਆਸਤ ਵਿੱਚ ਮੁੜ ਗਰਮ ਹੋ ਜਾਂਦਾ ਹੈ। ਪਰ ਹੁਣ ਸਮਾਂ ਆ ਗਿਆ ਹੈ ਕਿ ਇਸ ਸਮੱਸਿਆ ਨੂੰ ਸਿਰਫ਼ ਵਾਤਾਵਰਨ ਦੇ ਚਸ਼ਮੇ ਨਾਲ ਦੇਖਣ ਦੀ ਬਜਾਏ ਇਸ ਨੂੰ ਊਰਜਾ ਅਤੇ ਅਰਥਚਾਰੇ ਦੇ ਮੌਕੇ ਵਜੋਂ ਦੇਖਿਆ ਜਾਵੇ। ਸਵਾਲ ਇਹ ਹੈ ਕਿ ਜਿਹੜੀ ਪਰਾਲੀ ਅੱਜ ਕਿਸਾਨ ਲਈ ਬੋਝ ਹੈ, ਕੀ ਉਹ ਕੱਲ੍ਹ ਪੰਜਾਬ ਲਈ ਈਂਧਨ ਬਣ ਸਕਦੀ ਹੈ ? ਜਵਾਬ ਹੈ-ਹਾਂ ਅਤੇ ਇਸ ਦਾ ਰਸਤਾ ਕੰਪ੍ਰੈਸਡ ਬਾਇਓਗੈਸ (ਸੀਬੀਜੀ) ਹੋ ਸਕਦਾ ਹੈ। ਪਰ ਇਸ ਲਈ ਸਰਕਾਰ ਨੂੰ ਆਪਣੀ ਸੋਚ ਵਿੱਚ ਵੱਡਾ ਬਦਲਾਅ ਕਰਨਾ ਪਵੇਗਾ। ਪਰਾਲੀ ਨੂੰ ਸਿਰਫ਼ ਸਾੜਨ ਤੋਂ ਰੋਕਣ ਦੀ ਥਾਂ ਇਸ ਦੀ ਖ਼ਰੀਦ, ਸਟੋਰੇਜ ਅਤੇ ਸੀਬੀਜੀ ਵਿੱਚ ਤਬਦੀਲੀ ਦਾ ਇੱਕ ਪੂਰਾ ਆਰਥਿਕ ਤੰਤਰ ਬਣਾਉਣਾ ਪਵੇਗਾ। ਅਜਿਹਾ ਕੀਤਾ ਤਾਂ ਈਰਾਨ-ਅਮਰੀਕਾ ਜੰਗ ਕਾਰਨ ਆਈ ਪੈਟਰੋਲ, ਗੈਸ ਤੇ ਖਾਦਾਂ ਦੀ ਸਮੱਸਿਆ ਵੀ ਕਿਤੇ ਨਾ ਕਿਤੇ ਘਟੇਗੀ ਅਤੇ ਵਿਦੇਸ਼ੀ ਮੁਦਰਾ ਵੀ ਬਚੇਗੀ। ਪੈਟਰੋਲੀਅਮ ਪਲੈਨਿੰਗ ਐਂਡ ਐਨਾਲਿਸਿਜ਼ ਸੈੱਲ (ਪੀਪੀਏਸੀ) ਦੇ 31 ਮਾਰਚ 2025 ਦੇ ਸੂਬਾਈ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਔਸਤਨ ਹਰ ਮਹੀਨੇ 1.044 ਲੱਖ ਟਨ ਪੈਟਰੋਲ ਅਤੇ 3.313 ਲੱਖ ਟਨ ਡੀਜ਼ਲ ਦੀ ਖਪਤ ਹੁੰਦੀ ਹੈ। ਇਸ ਨੂੰ ਸਾਲਾਨਾ ਆਧਾਰ 'ਤੇ ਦੇਖੀਏ ਤਾਂ ਪੰਜਾਬ ਵਿੱਚ ਲਗਪਗ 12.53 ਲੱਖ ਟਨ ਪੈਟਰੋਲ ਅਤੇ 39.76 ਲੱਖ ਟਨ ਡੀਜ਼ਲ ਦੀ ਖਪਤ ਬਣਦੀ ਹੈ।

ਰੋਜ਼ਾਨਾ ਪੈਟਰੋਲ 3,430 ਟਨ ਅਤੇ ਡੀਜ਼ਲ 10,890 ਟਨ ਲੱਗਦਾ ਹੈ। ਜੇ ਪੈਟਰੋਲ ਦੀ ਔਸਤ ਘਣਤਾ ਲਗਪਗ 0.74 ਕਿਲੋਗ੍ਰਾਮ ਪ੍ਰਤੀ ਲੀਟਰ ਅਤੇ ਡੀਜ਼ਲ ਦੀ ਕਰੀਬ 0.83 ਕਿਲੋਗ੍ਰਾਮ ਪ੍ਰਤੀ ਲੀਟਰ ਮੰਨੀ ਜਾਵੇ ਤਾਂ ਪੰਜਾਬ ਵਿੱਚ ਰੋਜ਼ਾਨਾ ਲਗਪਗ 46 ਲੱਖ ਲੀਟਰ ਪੈਟਰੋਲ ਅਤੇ 1.31 ਕਰੋੜ ਲੀਟਰ ਡੀਜ਼ਲ ਦੀ ਖਪਤ ਬਣਦੀ ਹੈ। ਪੀਪੀਏਸੀ ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਸੀਐੱਨਜੀ ਦੀ ਔਸਤ ਮਹੀਨਾਵਾਰ ਵਿਕਰੀ 8.91 ਮਿਲੀਅਨ ਘਣ ਮੀਟਰ ਹੈ। ਸਾਲਾਨਾ ਇਹ ਲਗਭਗ 106.9 ਮਿਲੀਅਨ ਘਣ ਮੀਟਰ ਬਣਦੀ ਹੈ। ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਅਨੁਸਾਰ ਪੰਜਾਬ ਵਿੱਚ ਇਸ ਵੇਲੇ ਛੇ ਸੀਬੀਸੀ ਪਲਾਂਟ ਲਗਪਗ 107.48 ਟਨ ਪ੍ਰਤੀ ਦਿਨ ਸਮਰੱਥਾ ਨਾਲ ਚੱਲ ਰਹੇ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ 57 ਸੀਬੀਜੀ ਪ੍ਰਾਜੈਕਟਾਂ ਨੂੰ ਕੁੱਲ 815.68 ਟਨ ਰੋਜ਼ਾਨਾ ਦੀ ਸਮਰੱਥਾ ਨਾਲ ਮਨਜ਼ੂਰੀ ਮਿਲ ਚੁੱਕੀ ਹੈ। ਸਾਰੇ ਪ੍ਰਾਜੈਕਟ ਚਾਲੂ ਹੋਣ 'ਤੇ ਇਹ ਸਬਸਿਡੀ 2.80 ਮਿਲੀਅਨ ਟਨ ਅਰਥਾਤ 28 ਲੱਖ ਟਨ ਪਰਾਲੀ ਸਾਲਾਨਾ ਖਪਤ ਕਰਨਗੇ। 815.68 ਟਨ



ਸੀਬੀਜੀ ਰੋਜ਼ਾਨਾ ਦਾ ਮਤਲਬ ਲਗਪਗ 2.98 ਲੱਖ ਟਨ ਸੀਬੀਜੀ ਸਾਲਾਨਾ ਹੈ। ਪੰਜਾਬ ਦੀ ਮੌਜੂਦਾ ਸੀਐੱਨਜੀ ਖਪਤ ਦੇ ਮੁਕਾਬਲੇ ਮਨਜ਼ੂਰਸ਼ੁਦਾ ਸੀਬੀਜੀ ਸਮਰੱਥਾ ਕਾਫ਼ੀ ਵੱਡੀ ਹੈ। ਗੈਸ ਦੀ ਮਿਆਰੀ ਘਣਤਾ ਦੇ ਆਧਾਰ 'ਤੇ ਮੋਟੇ ਤੌਰ 'ਤੇ ਇਹ ਸਮਰੱਥਾ ਪੰਜਾਬ ਦੀ ਮੌਜੂਦ ਸੀਐੱਨਜੀ ਵਿਕਰੀ ਦੇ ਤਿੰਨ ਤੋਂ ਚਾਰ ਗੁਣਾ ਦੇ ਬਰਾਬਰ ਗੈਸ ਪੈਦਾ ਕਰ ਸਕਦੀ ਹੈ। ਇਸ ਦਾ ਅਰਥ ਇਹ ਨਹੀਂ ਕਿ ਸਾਰੀ ਸੀਬੀਜੀ ਸਿਰਫ਼ ਵਾਹਨਾਂ ਵਿੱਚ ਹੀ ਵਰਤੀ ਜਾਵੇਗੀ। ਇਹ ਉਦਯੋਗ, ਵਪਾਰ ਅਤੇ ਹੋਰ ਵਰਤੋਂ ਵਿੱਚ ਵੀ ਜਾ ਸਕਦੀ ਹੈ। ਸੀਬੀਜੀ ਦੇ ਗੁਣ ਸੀਐੱਨਜੀ ਨਾਲ ਮਿਲਦੇ ਹਨ ਤੇ ਪੀਐੱਨਜੀਆਰਬੀ ਅਨੁਸਾਰ ਇਹ ਆਟੋਮੋਟਿਵ ਈਂਧਨ ਵਜੋਂ ਸੀਐੱਨਜੀ ਦੀ ਥਾਂ ਵਰਤੀ ਜਾ ਸਕਦੀ ਹੈ।

ਇਸ ਲਈ ਜਿਹੜੀਆਂ ਗੱਡੀਆਂ ਸੀਐੱਨਜੀ 'ਤੇ ਚੱਲਣ ਲਈ ਬਣੀਆਂ ਹਨ, ਉਨ੍ਹਾਂ ਵਿੱਚ ਸੀਬੀਜੀ ਵਰਤੀ ਜਾ ਸਕਦੀ ਹੈ। ਨਵੀਆਂ ਸੀਬੀਜੀ ਅਨੁਕੂਲ ਗੱਡੀਆਂ ਖ਼ਰੀਦੀਆਂ ਜਾ ਸਕਦੀਆਂ ਹਨ।

ਪੀਐੱਨਜੀਆਰਬੀ ਅਨੁਸਾਰ ਪੈਟਰੋਲ ਵਾਲੀਆਂ ਕਈ ਕਿਸਮ ਦੀਆਂ ਗੱਡੀਆਂ ਨੂੰ ਮਨਜ਼ੂਰਸ਼ੁਦਾ ਸੀਐੱਨਜੀ ਕਿੱਟ ਰਾਹੀਂ ਸੀਐੱਨਜੀ ਲਈ ਤਬਦੀਲ ਕੀਤਾ ਜਾ ਸਕਦਾ ਹੈ ਤੇ ਟਰੱਕਾਂ ਲਈ ਵੀ ਇਹ ਬਦਲਾਅ ਸੰਭਵ ਹੈ। ਇੱਥੇ ਸਰਕਾਰ ਲਈ ਸਭ ਤੋਂ ਸੌਖਾ ਰਸਤਾ ਹੈ ਕਿ ਉਹ ਆਪਣੀਆਂ ਗੱਡੀਆਂ ਤੋਂ ਸ਼ੁਰੂਆਤ ਕਰੇ। ਪੰਜਾਬ ਰੋਡਵੇਜ਼, ਪੀਆਰਟੀਸੀ, ਨਗਰ ਨਿਗਮਾਂ ਦੇ ਕੂੜਾ ਚੁੱਕਣ ਵਾਲੇ ਵਾਹਨ, ਸਰਕਾਰੀ ਵਿਭਾਗਾਂ ਦੇ ਵਪਾਰਕ ਵਾਹਨ, ਸ਼ਹਿਰੀ ਬੱਸਾਂ ਅਤੇ ਹੋਰ ਵੱਡੀਆਂ ਫਲੀਟਾਂ ਵਿੱਚ ਜਿੱਥੇ ਤਕਨੀਕੀ ਤੌਰ 'ਤੇ ਸੰਭਵ ਹੋਵੇ, ਸੀਬੀਜੀ ਨਾਲ ਚੱਲਣ ਵਾਲੇ ਵਾਹਨਾਂ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਇਸ ਦਾ ਸਭ ਤੋਂ ਵੱਡਾ ਲਾਭ ਇਹ ਹੋਵੇਗਾ ਕਿ ਸਰਕਾਰ ਖ਼ੁਦ ਸੀਬੀਜੀ ਦੀ ਸਭ ਤੋਂ ਵੱਡੀ ਸ਼ੁਰੂਆਤੀ ਖ਼ਰੀਦਦਾਰ ਬਣ ਸਕਦੀ ਹੈ। ਫਿਰ ਨਿੱਜੀ ਖੇਤਰ ਨੂੰ ਵੀ ਭਰੋਸਾ ਹੋਵੇਗਾ ਕਿ ਸੀਬੀਜੀ ਦੀ ਮੰਗ ਸਿਰਫ਼ ਕਾਗਜ਼ਾਂ 'ਤੇ ਨਹੀਂ ਹੈ। ਇਕ ਸਰਕਾਰੀ ਬੱਸ ਸੀਬੀਜੀ 'ਤੇ ਜਾਂਦੀ ਹੈ ਤਾਂ ਸਿਰਫ਼ ਇੱਕ ਬੱਸ ਦਾ ਈਂਧਨ ਨਹੀਂ ਬਦਲਦਾ। ਇਸ ਦੇ ਪਿੱਛੇ ਇੱਕ ਪੂਰਾ ਬਾਜ਼ਾਰ ਬਣਦਾ ਹੈ, ਸੀਬੀਜੀ ਪਲਾਂਟ, ਪਰਾਲੀ ਇਕੱਠੀ ਕਰਨ ਵਾਲੇ, ਬੇਲਿੰਗ ਮਸ਼ੀਨਾਂ, ਪਰਾਲੀ ਇਕੱਠੀ ਕਰਨ ਵਾਲੇ, ਬੇਲਿੰਗ ਮਸ਼ੀਨਾਂ, ਟਰਾਂਸਪੋਰਟ, ਸਟੋਰੇਜ, ਪੰਪ ਅਤੇ ਮੁਰੰਮਤ ਸੇਵਾਵਾਂ।

ਪੀਪੀਏਸੀ ਅਨੁਸਾਰ ਪੰਜਾਬ ਨੂੰ ਪੈਟਰੋਲੀਅਮ ਉਤਪਾਦਾਂ 'ਤੇ ਵੈਟ ਤੋਂ 2025-26 ਵਿੱਚ ਤਕਰੀਬਨ 8,644.4 ਕਰੋੜ ਮਿਲਣ ਦਾ ਅਨੁਮਾਨ ਹੈ। ਯਾਨੀ ਔਸਤਨ ਲਗਪਗ 23.7 ਕਰੋੜ ਰੋਜ਼ਾਨਾ ਬਣਦਾ ਹੈ। ਇੱਥੇ ਕੇਂਦਰ ਨੂੰ ਸੂਬਾ ਸਰਕਾਰ ਦੀ ਮਦਦ ਕਰਨੀ ਪਵੇਗੀ। ਪੀਪੀਏਸੀ ਦੇ



ਬਾਕੀ ਸਫਾ 6 'ਤੇ

# ਸ਼ਰਧਾਂਜਲੀ : ਧਰਤੀ ਦਾ ਇਨਸਾਈਕਲੋਪੀਡੀਆ ਸਨ ਮਹਿੰਦਰ ਸਿੰਘ ਦੁਸਾਂਝ


## ਤੁਰ ਗਿਆ ਖੇਤਾਂ ਨਾਲ ਗੱਲਾਂ ਕਰਨ ਵਾਲਾ



ਪੰਜਾਬ ਦੇ ਸ਼੍ਰੋਮਣੀ ਸਫ਼ਲ ਕਿਸਾਨ, ਪਾਣੀਆਂ ਅਤੇ ਧਰਤੀ ਦੇ ਕੌੜੇ ਹੋਣ ਬਾਰੇ ਜ਼ਮੀਨ ਦੇ ਸਿਆੜਾਂ ਵਿੱਚ ਬੈਠ ਕੇ ਦੁੱਖ ਦਰਦ ਤੇ ਕਿਸਾਨਾਂ ਦੀ ਵੇਦਨਾ ਨੂੰ ਪੂਰੀ ਦੁਨੀਆਂ ਤੱਕ ਪਹੁੰਚਾਉਣ ਵਾਲੇ ਮਹਿੰਦਰ ਸਿੰਘ ਦੁਸਾਂਝ ਇਸ ਦੁਨੀਆ ਤੋਂ ਵਿਦਾ ਹੋ ਗਏ ਹਨ। ਜਿਉਂ ਹੀ ਉਹਨਾਂ ਦੀ ਇਸ ਦੁਨੀਆ ਤੋਂ ਵਿਦਾ ਹੋਣ ਦੀ ਖ਼ਬਰ ਆਈ ਤਾਂ ਉਹਨਾਂ ਨਾਲ ਬਿਤਾਏ ਹੋਏ ਪਿਛਲੇ ਪੰਜਾਹ ਸਾਲਾਂ ਦੀਆਂ ਮੁਲਾਕਾਤਾਂ ਅਤੇ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ

ਉਹ ਸਾਰਾ ਦ੍ਰਿਸ਼ ਯਾਦਾਂ ਦੇ ਝਰੋਖਿਆਂ ਵਿੱਚੋਂ ਮਨ ਨੂੰ ਪੀੜ ਨਾਲ ਭਰ ਰਿਹਾ ਹੈ। ਉਹ ਇੱਕ ਅਜਿਹੇ ਇਨਸਾਨ ਸਨ, ਜਿਨ੍ਹਾਂ ਨੂੰ ਮੈਂ 1974 ਵਿੱਚ ਪਹਿਲੀ ਵਾਰ ਆਕਾਸ਼ਵਾਣੀ ਜਲੰਧਰ ਵਿੱਚ ਮਿਲਿਆ ਸਾਂ ਅਤੇ ਬਾਅਦ ਵਿੱਚ ਫਿਰ ਆਪਣੇ ਦੂਰਦਰਸ਼ਨ ਦੇ ਸਫ਼ਰ ਦੇ ਦੌਰਾਨ ਜਲੰਧਰ ਵਿੱਚ ਸੈਂਕੜੇ ਮੁਲਾਕਾਤਾਂ ਉਹਨਾਂ ਨਾਲ



ਹੋਈਆਂ। ਉਹ ਇੱਕ ਅਜਿਹੀ ਸ਼ਖ਼ਸੀਅਤ ਦੇ ਮਾਲਕ ਸਨ ਅਜਿਹੇ ਨਿਮਰ ਸੁਭਾਅ ਦੇ ਦੋਸਤ ਸਨ, ਜਿਨ੍ਹਾਂ ਨਾਲ ਘੰਟਿਆਂਬੱਧੀ ਘਰ ਪਰਿਵਾਰ ਤੋਂ ਲੈ ਕੇ ਪੰਜਾਬ ਦੀ ਮਿੱਟੀ, ਸੱਭਿਆਚਾਰ, ਜ਼ੁਬਾਨ ਤੇ ਪੰਜਾਬ ਦੀ ਕਿਸਾਨੀ ਦੇ ਮਸਲਿਆਂ 'ਤੇ ਗੱਲ ਕੀਤੀ ਜਾ ਸਕਦੀ ਸੀ। ਉਹ ਸੱਚਮੁੱਚ ਪੰਜਾਬ ਦੀ ਧਰਤੀ ਦਾ ਜਿਉਂਦਾ ਜਾਗਦਾ ਇਨਸਾਈਕਲੋਪੀਡੀਆ ਸਨ। ਖੇਤਾਂ ਦੇ ਸਿਆੜਾਂ ਤੋਂ ਕਿਸਾਨਾਂ ਦੀ ਜ਼ਮੀਨ ਦੀ ਪੀੜ ਕੀ ਹੁੰਦੀ ਹੈ, ਉਹ ਮਹਿੰਦਰ ਸਿੰਘ ਦੁਸਾਂਝ ਦੇ ਨਾਲ ਗੱਲਾਂ ਕਰਦਿਆਂ ਦੇਖੀ ਜਾ ਸਕਦੀ ਸੀ। ਉਹ ਇੱਕ ਸੁਘੜ ਸਿਆਣੇ ਲੇਖਕ ਖੇਤੀ ਵਿਗਿਆਨੀ ਜ਼ਮੀਨ ਨਾਲ ਮੋਹ ਰੱਖਣ ਵਾਲੇ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਪੰਜਾਬ ਵਿੱਚ ਖੇਤੀ ਦੀ ਅਹਿਮੀਅਤ ਅਤੇ ਜ਼ਮੀਨ ਦੇ ਬਾਰੇ ਜੋ ਕੁਝ ਲਿਖਿਆ ਉਹ ਅੱਜ ਸੱਚ ਹੈ। ਪੰਜਾਬ ਦੇ ਖੇਤੀ ਦੇ ਦੁਖਾਂਤ ਤੇ ਜ਼ਮੀਨ ਦੀ ਹਾਲਤ ਬਾਰੇ ਉਹ ਸਦਾ ਚੁਕੰਨੇ ਰਹੇ। ਪਾਣੀਆਂ ਬਾਰੇ ਉਹਨਾਂ ਨੇ ਖੋਜ ਕਰਕੇ ਜੋ ਸਿੱਟਾ ਕੱਢਿਆ, ਉਹ ਅੱਜ ਪੰਜਾਬੀਆਂ ਲਈ ਇੱਕ ਡਾਰਕ ਜੋਨ ਬਣ ਗਿਆ ਹੈ।

ਦੁਸਾਂਝ ਮਾਹਿਰ ਕਿਸਾਨ ਨਹੀਂ ਸੀ, ਉਹ ਧਰਤੀ ਦਾ ਦਰਦ ਪੜ੍ਹਨ ਵਾਲਾ ਮਨੁੱਖ ਸੀ। ਦੋਸਤਾਂ ਨਾਲ ਖੁੱਲ੍ਹ ਕੇ ਮਿਲਣ ਵਾਲਾ ਤੇ ਖੁੱਲ੍ਹ ਕੇ ਗੱਲ ਕਰਨ ਵਾਲਾ ਉਹ ਸੰਜੀਦਾ ਮਨੁੱਖ ਪੰਜਾਬ ਦੀ ਧਰਤੀ ਦਾ ਇੱਕ ਅਜਿਹਾ ਪੁੱਤਰ ਸੀ, ਜਿਸ ਦੀ ਘਾਟ ਅੱਜ ਵਰ੍ਹਿਆਂ ਬਾਅਦ ਹੀ ਪੂਰੀ ਨਹੀਂ ਹੋ ਸਕਦੀ ਕਿਉਂਕਿ ਉਸ ਨੇ ਜ਼ਮੀਨ ਦੀ ਗੱਲ ਕੀਤੀ ਤੇ ਪਾਣੀ ਦੀ ਆਵਾਜ਼ ਉਠਾਈ ਸੀ, ਜੋ ਪੰਜਾਬ ਦੇ ਕਿਸਾਨ ਦੀ ਅੱਜ ਸਭ ਤੋਂ ਵੱਡੀ ਸਮੱਸਿਆ ਅਤੇ ਜ਼ਿੰਦਗੀ ਦਾ ਦਰਦ ਹੈ। ਦੁਸਾਂਝ ਦੀ ਇਸ ਮੌਤ ਨਾਲ ਪੰਜਾਬ ਦੀ ਮਿੱਟੀ ਅੱਜ ਉਦਾਸ ਹੈ। ਖੇਤਾਂ ਦੀਆਂ ਵੱਟਾਂ 'ਤੇ ਜਿਵੇਂ ਕੋਈ ਚੁੱਪ ਪਸਰ ਗਈ ਹੈ। ਇੱਕ ਅਜਿਹਾ ਮਨੁੱਖ, ਜਿਸ ਨੇ ਸਾਰੀ ਉਮਰ ਮਿੱਟੀ ਦੀ ਬੋਲੀ ਸੁਣੀ, ਪਾਣੀ ਦੀ ਪੀੜ ਨੂੰ ਮਹਿਸੂਸ ਕੀਤਾ, ਕਿਸਾਨੀ ਦੇ ਬਦਲਦੇ ਚਿਹਰੇ ਨੂੰ ਆਪਣੀਆਂ ਅੱਖਾਂ ਸਾਹਮਣੇ ਵੇਖਿਆ ਅਤੇ ਪੰਜਾਬ ਦੇ ਪੁਰਾਣੇ ਪੇਂਡੂ ਸੱਭਿਆਚਾਰ ਦੀਆਂ ਯਾਦਾਂ ਨੂੰ ਆਪਣੀ ਕਲਮ ਨਾਲ ਸੰਭਾਲਿਆ ਸੀ। ਉਨ੍ਹਾਂ ਦਾ ਜਾਣਾ ਪੰਜਾਬ ਦੀ ਉਸ ਜ਼ਮੀਨੀ ਸੋਚ ਲਈ ਵੱਡਾ ਘਾਟਾ ਹੈ, ਜਿਹੜੀ ਖੇਤ ਨੂੰ ਸਿਰਫ਼ ਫ਼ਸਲ ਪੈਦਾ ਕਰਨ ਵਾਲੀ ਜ਼ਮੀਨ ਨਹੀਂ ਮੰਨਦੀ, ਸਗੋਂ ਉਸ ਨੂੰ ਜੀਵਨ, ਸੱਭਿਆਚਾਰ, ਪਰਿਵਾਰ ਤੇ ਪੰਜਾਬੀ ਹੋਂਦ ਦਾ ਕੇਂਦਰ ਸਮਝਦੀ ਹੈ। ਦੁਸਾਂਝ ਉਨ੍ਹਾਂ ਲੋਕਾਂ ਵਿੱਚੋਂ ਸਨ, ਜਿਨ੍ਹਾਂ ਨੇ ਪੰਜਾਬ ਬਾਰੇ ਦੂਰ ਬੈਠ ਕੇ ਨਹੀਂ, ਪੰਜਾਬ ਦੀ ਮਿੱਟੀ ਉੱਤੇ ਖੜ੍ਹ ਕੇ ਗੱਲ ਕੀਤੀ। ਉਹ ਯੂਐੱਨਓ ਵੱਲੋਂ ਸਨਮਾਨਿਤ, ਪੀਏਯੂ ਤੇ ਸਰਕਾਰ ਨਾਲ ਪਿਛਲੇ 50 ਸਾਲ ਤੋਂ ਵੱਧ ਸਮੇਂ ਤੋਂ ਪਾਣੀ ਤੇ ਖੇਤੀ ਦੇ ਮਸਲਿਆਂ ਨਾਲ ਜੁੜੇ ਰਹੇ। ਮਹਿੰਦਰ ਸਿੰਘ ਦੁਸਾਂਝ, ਜਿਨ੍ਹਾਂ ਨੇ 11 ਕਿਤਾਬਾਂ ਤੇ 7 ਰਿਸਰਚ ਪੇਪਰ ਵੀ ਲਿਖੇ ਹਨ, ਉਹ ਪਾਣੀ ਦੀ ਬਰਬਾਦੀ ਬਾਰੇ ਬੜਾ ਚਿੰਤਤ ਸਨ। ਪੰਜਾਬ ਦੇ ਪਾਣੀ ਸੰਕਟ ਬਾਰੇ ਉਨ੍ਹਾਂ ਨੇ ਕਿਹਾ ਸੀ ਕਿ ਅੱਖਾਂ ਬੰਦ ਕਰਨ ਨਾਲ ਸਮੱਸਿਆ ਨਹੀਂ ਟਲੇਗੀ, ਅੱਖਾਂ ਖੋਲ੍ਹ ਕੇ ਸੱਚਾਈ ਸਮਝਣੀ ਪਵੇਗੀ ਤੇ ਇਸ ਦਾ ਸਾਹਮਣਾ ਕਰਨਾ ਪਵੇਗਾ। ਜੇ ਇਹ ਨਹੀਂ ਕੀਤਾ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਕਦੇ ਮਾਫ਼ ਨਹੀਂ ਕਰਨਗੀਆਂ। ਮਹਿੰਦਰ ਸਿੰਘ ਦੁਸਾਂਝ ਦੀ 2019 ਵਿੱਚ ਉਨ੍ਹਾਂ ਦੀ ਪੁਸਤਕ 'ਪੇਂਡੂ ਪੰਜਾਬ ਤੇ ਕਿਸਾਨੀ ਦਾ ਪੁਰਾਤਨ ਸੱਭਿਆਚਾਰ' ਲੋਕ ਅਰਪਣ ਹੋਈ ਸੀ। ਆਪਣੀ ਇੱਕ ਮੁਲਾਕਾਤ ਵਿੱਚ ਦੱਸਿਆ ਸੀ ਕਿ ਉਨ੍ਹਾਂ ਦੀ ਇਹ ਪੁਸਤਕ ਉਨ੍ਹਾਂ ਦੀ ਜ਼ਿੰਦਗੀ ਦੀ ਉਸ ਡੂੰਘੀ ਯਾਦ ਦਾ ਨਤੀਜਾ ਸੀ, ਜਿਸ ਵਿੱਚ ਪੰਜਾਬ ਦਾ ਪੁਰਾਣਾ ਪਿੰਡ, ਉਸ ਦੀਆਂ ਰਸਮਾਂ, ਰਿਵਾਜ, ਖੇਤੀ ਅਤੇ ਭਾਈਚਾਰਕ ਸਾਂਝ ਜਿਉਂਦੀ ਸੀ। ਉਹ ਉਸ ਪੰਜਾਬ ਦੇ ਗਵਾਹ ਸਨ, ਜਿੱਥੇ ਖੇਤ ਸਿਰਫ਼ ਮਾਲਕੀ ਦਾ ਸਵਾਲ ਨਹੀਂ ਹੁੰਦਾ ਸੀ। ਖੇਤ ਪਰਿਵਾਰ ਦੀ ਰੋਟੀ ਸੀ, ਪਿੰਡ ਦੀ ਆਰਥਿਕਤਾ ਸੀ ਅਤੇ ਸੱਭਿਆਚਾਰ ਦੀ ਜੜ੍ਹ ਸੀ। ਮੇਰੀਆਂ ਯਾਦਾਂ ਵਿੱਚ ਮਹਿੰਦਰ ਸਿੰਘ ਦੁਸਾਂਝ ਦੀ ਵਿਲੱਖਣਤਾ ਇਹ ਸੀ ਕਿ ਉਨ੍ਹਾਂ ਨੇ ਖੇਤੀ ਨੂੰ ਸਿਰਫ਼ ਉਤਪਾਦਨ ਦਾ ਗਣਿਤ ਨਹੀਂ ਬਣਨ ਦਿੱਤਾ।

ਉਨ੍ਹਾਂ ਦੀਆਂ ਲਿਖਤਾਂ ਵਿੱਚ ਪਾਣੀ, ਮਿੱਟੀ, ਫ਼ਸਲੀ ਚੱਕਰ ਪ੍ਰਣਾਲੀ, ਝੋਨਾ, ਕਿਸਾਨ-ਮਜ਼ਦੂਰ ਸਬੰਧ ਅਤੇ ਖੇਤੀ ਦੀ ਭਵਿੱਖੀ ਦਿਸ਼ਾ ਵਾਰ-ਵਾਰ ਸਾਹਮਣੇ ਆਉਂਦੇ ਹਨ। ਅੱਜ ਜਦੋਂ ਧਰਤੀ ਹੇਠਲਾ ਪਾਣੀ ਪੰਜਾਬ ਦੀ ਸਭ ਤੋਂ ਵੱਡੀ ਚਿੰਤਾ ਬਣ ਚੁੱਕਾ ਹੈ, ਦੁਸਾਂਝ ਦੀਆਂ ਚੇਤਾਵਨੀਆਂ ਹੋਰ ਵੀ ਅਰਥਵਾਨ ਹੋ ਜਾਂਦੀਆਂ ਹਨ। ਉਨ੍ਹਾਂ ਨੇ ਪਾਣੀ ਨੂੰ ਕੇਵਲ ਖੇਤੀ ਦੀ ਲੋੜ ਨਹੀਂ ਮੰਨਿਆ, ਸਗੋਂ ਜੀਵਨ ਦਾ ਆਧਾਰ ਮੰਨਿਆ। ਉਨ੍ਹਾਂ ਦਾ ਕਿਸਾਨ ਤੇ ਸਾਹਿਤਕਾਰ ਸ਼ਖ਼ਸੀਅਤ ਦਾ ਸਾਹਿਤਕ ਪੱਖ ਵੀ ਉਨ੍ਹਾਂ ਨੂੰ ਵਿਲੱਖਣ ਬਣਾਉਂਦਾ ਹੈ। ਉਸ ਜਗਤਪੁਰ ਲਿਖਾਰੀ ਸਭਾ ਨਾਲ ਜੁੜੇ ਰਹੇ। ਪੰਜਾਬੀ ਸਾਹਿਤਕ ਸਰਗਰਮੀਆਂ ਵਿੱਚ ਉਨ੍ਹਾਂ ਦੀ ਮੌਜੂਦਗੀ ਨੇ ਇਹ ਸਾਬਤ ਕੀਤਾ ਕਿ ਕਿਸਾਨੀ ਅਤੇ ਸਾਹਿਤ ਇੱਕ ਦੂਜੇ ਤੋਂ ਵੱਖਰੀਆਂ ਦੁਨੀਆ ਨਹੀਂ। ਉਹ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਦੇ ਜਾਣਕਾਰ ਸਨ। 2024 ਵਿੱਚ ਉਨ੍ਹਾਂ ਨੂੰ ਪ੍ਰੀਤਮ ਸਿੰਘ ਬਾਸੀ ਅੰਤਰਰਾਸ਼ਟਰੀ ਸਾਹਿਤਕ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਗਿਆ। ਮੈਨੂੰ ਹਮੇਸ਼ਾ ਲੱਗਦਾ ਰਿਹਾ ਹੈ ਕਿ ਇੱਕ ਕਿਸਾਨ ਲਈ ਸਾਹਿਤਕ ਸਨਮਾਨ ਅਤੇ ਇੱਕ ਸਾਹਿਤਕਾਰ ਲਈ ਖੇਤੀਬਾੜੀ ਦੇ ਖੇਤਰ ਵਿੱਚ ਮਾਣ - ਇਹ ਦੋਵੇਂ ਪਛਾਣਾਂ ਇੱਕੋ ਮਨੁੱਖ ਵਿੱਚ ਮਿਲਣੀਆਂ ਆਪਣੇ ਆਪ ਵਿੱਚ ਇੱਕ ਵੱਡੀ ਗੱਲ ਹੈ। ਦੁਸਾਂਝ ਜੀ ਨੂੰ ਜ਼ਿੰਦਗੀ ਵਿੱਚ ਬਹੁਤ ਸਾਰੇ ਸਨਮਾਨ ਮਿਲੇ ਪਰ ਉਨ੍ਹਾਂ ਦੀ ਅਸਲ ਪਛਾਣ ਖੇਤਾਂ ਦੇ ਪਹਿਰੇਦਾਰ ਦੇ ਰੂਪ ਵਿੱਚ ਸੀ। 1986 ਵਿੱਚ ਕਣਕ ਦੀ ਖੇਤੀ ਨਾਲ ਸੰਬੰਧਤ ਵਿਸ਼ੇਸ਼ ਅੰਤਰਰਾਸ਼ਟਰੀ ਸਨਮਾਨ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਖੇਤੀਬਾੜੀ ਖੋਜ ਕੌਂਸਲ ਨਾਲ ਸੁਝਾਅ, 2007 ਦਾ ਦਲੀਪ ਸਿੰਘ ਮੈਮੋਰੀਅਲ ਅਤੇ ਮੁੱਖ ਮੰਤਰੀ ਐਵਾਰਡ ਅਤੇ 2011 ਦਾ ਪੰਜਾਬ ਸਰਕਾਰ ਸਟੇਟ ਐਵਾਰਡ- ਇਹ ਉਨ੍ਹਾਂ ਦੀ ਲੰਮੀ ਯਾਤਰਾ ਦੇ ਪੜਾਅ ਉਨ੍ਹਾਂ ਨੇ ਸਾਰੀ ਉਮਰ ਮਿੱਟੀ ਨਾਲ ਰਿਸ਼ਤਾ ਨਿਭਾਇਆ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸਵਾਲ ਜ਼ਿੰਦਾ ਹਨ। ਦੁਸਾਂਝ ਦਾ ਚਲੇ ਜਾਣਾ ਇੱਕ ਸਵਾਲ ਹੀ ਛੱਡ ਗਿਆ ਹੈ- ਕੀ ਅਸੀਂ ਉਨ੍ਹਾਂ ਦੀ ਗੱਲ ਸੁਣੀ ਸੀ।

**ਮਹਿੰਦਰ ਦੁਸਾਂਝ ਨੇ ਖੇਤਾਂ ਦੀਆਂ ਵੱਟਾਂ 'ਤੇ ਬਹਿ ਕੇ ਪੌਣ-ਪਾਣੀ ਨਾਲ ਦਿਲੋਂ ਸਾਂਝ ਪਾਈ ਤੇ ਉਹ ਚਿੰਤਾਵਾਂ ਪ੍ਰਗਟਾਈਆਂ ਜੋ ਸੋਚਣ ਲਈ ਮਜ਼ਬੂਰ ਕਰਦੀਆਂ ਹਨ...**

Crop Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

ਹੁਣ ਜਦੋਂ ਵੀ ਪੰਜਾਬ ਦਾ ਕੋਈ ਕਿਸਾਨ ਆਪਣੀ ਸੁੱਕਦੀ ਜ਼ਮੀਨ ਵੱਲ ਵੇਖ ਕੇ ਪਾਣੀ ਬਾਰੇ ਸੋਚੇਗਾ, ਕੋਈ ਨੌਜਵਾਨ ਆਪਣੇ ਪਿੰਡ ਦੇ ਪੁਰਾਣੇ ਜੀਵਨ ਬਾਰੇ ਸੋਚੇਗਾ, ਕੋਈ ਨੌਜਵਾਨ ਆਪਣੇ ਪਿੰਡ ਦੇ ਪੁਰਾਣੇ ਜੀਵਨ ਬਾਰੇ ਪੜ੍ਹੇਗਾ ਅਤੇ ਜਦੋਂ ਕੋਈ ਕਿਸਾਨ ਪੁੱਛੇਗਾ ਕਿ ਪੰਜਾਬ ਦੀ ਖੇਤੀ ਨੂੰ



ਬਚਾਉਣ ਦਾ ਰਸਤਾ ਕੀ ਹੈ- ਉੱਥੇ ਕਿਤੇ ਨਾ ਕਿਤੇ ਸਾਡੇ ਮਹਾਨ ਦੋਸਤ ਮਹਿੰਦਰ ਦੁਸਾਂਝ ਦੀ ਆਵਾਜ਼ ਸੁਣਾਈ ਦੇਵੇਗੀ।

(ਲੇਖਕ ਉੱਘੇ ਬ੍ਰਾਡਕਾਸਟਰ ਅਤੇ ਮੀਡੀਆ ਵਿਸ਼ਲੇਸ਼ਕ ਹਨ)

----- ਬਾਕੀ ਸਫਾ 3 ਦੀ -----

# ਗਿਆਨ ਪ੍ਰਾਪਤੀ ਦੇ ਸੋਮੇ - ਕਿਸਾਨ ਮੇਲੇ

ਠੇਕਾ ਦੇ ਕੇ ਕਿਸਾਨ ਦੇ ਪੱਲੇ ਬਹੁਤ ਘਟ ਪੈਸਾ ਪੈਂਦਾ ਹੈ । ਦੂਜਾ ਕਾਰਨ ਇੱਥੋਂ ਦੇ ਫ਼ਸਲ ਚੱਕਰ ਦਾ ਹੈ। ਪਿਛਲੀ ਅੱਧੀ ਸਦੀ ਤੋਂ ਪੰਜਾਬ ਵਿੱਚ ਕਣਕ-ਝੋਨਾ ਹੀ ਮੁੱਖ ਫ਼ਸਲ ਚਕਰ ਹੈ। ਇਨ੍ਹਾਂ ਦੋਵਾਂ ਫ਼ਸਲਾਂ ਦੀ ਉਪਜ ਵਿੱਚ ਇੱਕ ਤਰ੍ਹਾਂ ਦੀ ਖੜੋਤ ਹੀ ਜਦੋਂ ਕਿ ਕਾਸ਼ਤ ਲਾਗਤ



ਵਿੱਚ ਵਾਧਾ ਹੋ ਰਿਹਾ ਹੈ। ਇਹ ਸਾਰੀ ਉਪਜ ਦੀ ਸਰਕਾਰ ਪਹਿਲਾਂ ਤੋਂ ਮਿੱਥੇ ਹੋਏ ਘਟੋ-ਘਟ ਸਮਰਥਨ ਮੁੱਲ ਉਤੇ ਖਰੀਦ ਕਰਦੀ ਹੈ । ਸਰਕਾਰ ਵਲੋਂ ਖਰੀਦ ਮੁੱਲ ਵਿੱਚ ਹਰੇਕ ਸਾਲ ਵਾਧਾ ਲਾਗਤ ਕੀਮਤ ਵਿੱਚ ਵਾਧੇ ਅਤੇ ਵਧ ਰਹੀ ਮਹਿੰਗਾਈ ਅਨੁਸਾਰ ਨਹੀਂ ਹੁੰਦਾ। ਇੰਝ ਕਿਸਾਨ ਦੀ ਸ਼ੁੱਧ ਆਮਦਨ ਘੱਟ ਰਹੀ ਹੈ । ਆਪਣੀਆਂ ਗਰਜਾਂ ਪੂਰੀਆਂ ਕਰਨ ਲਈ ਬਹੁਤੀ ਵਾਰ ਉਸ ਨੂੰ ਕਰਜ਼ਾ ਲੈਣਾ ਪੈਂਦਾ ਹੈ । ਕਿਸਾਨ ਦੀ ਆਮਦਨ ਵਿੱਚ ਵਾਧਾ ਕਰਨ ਅਤੇ ਇਸ ਖੜੋਤ ਨੂੰ ਤੋੜਨਾ ਸਰਕਾਰ ਅਤੇ ਯੂਨੀਵਰਸਿਟੀ ਦੀ ਜ਼ੁੰਮੇਵਾਰੀ ਹੈ। ਇਸ ਬਾਰੇ ਖੋਜ ਨੂੰ ਪਹਿਲ ਦੇ ਆਧਾਰ ਉੱਤੇ ਕਰਨ ਦੀ ਲੋੜ ਹੈ। ਜਿਹੜੀ ਖੋਜ ਹੋ ਚੁੱਕੀ ਹੈ ਉਸ ਦਾ ਪ੍ਰਦਰਸ਼ਨ ਕਰਨ ਅਤੇ ਕਿਸਾਨਾਂ ਤੱਕ ਪਹੁੰਚਣ ਵਿੱਚ ਕਿਸਾਨ ਮੇਲੇ ਅਹਿਮ ਭੂਮਿਕਾ ਨਿਭਾ ਸਕਦੇ ਹਨ । ਇਸ ਕਰਕੇ ਇਸ ਵਾਰ ਮੇਲੇ ਵਿੱਚ ਬਹੁਭਾਂਤੀ ਖੇਤੀ, ਛੋਟੇ ਕਿਸਾਨਾਂ ਲਈ ਵਿਸ਼ੇਸ਼ ਪੈਕੇਜ, ਉਪਜ ਦਾ ਪਦਾਰਥੀਕਰਨ ਅਤੇ ਵਿਕਰੀ ਬਾਰੇ ਵਿਸ਼ੇਸ਼ ਪ੍ਰਦਰਸ਼ਨੀਆਂ ਤਿਆਰ ਕੀਤੀਆਂ ਜਾਣ । ਜਦੋਂ ਕਿਸਾਨ ਸਾਰਾ ਕੁੱਝ ਆਪਣੀ ਅੱਖੀਂ ਵੇਖਣਗੇ ਤਾਂ ਉਹ ਜ਼ਰੂਰ ਇਸ ਨੂੰ ਅਪਨਾਉਣ ਲਈ ਉਤਸ਼ਾਹਿਤ ਹੋਣਗੇ। ਯੂਨੀਵਰਸਿਟੀ ਦੇ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਹਨ ਜਿਥੋਂ ਦੇ ਮਾਹਿਰ ਮੇਲੇ ਵਿੱਚ ਨਵੇਂ ਢੰਗਾਂ ਨੂੰ ਅਪਨਾਉਣ ਲਈ ਉਤਸ਼ਾਹਿਤ ਹੋਏ, ਕਿਸਾਨਾਂ ਨੂੰ ਆਪਣੇ ਫਾਰਮਾਂ ਉੱਤੇ ਅਪਨਾਉਣ ਵਿੱਚ ਸਹਾਇਤਾ ਕਰ ਸਕਦੇ ਹਨ। ਕਿਸਾਨ ਮੇਲੇ ਦੇ ਪ੍ਰੋਗਰਾਮ ਵਿੱਚ ਤਬਦੀਲੀ ਦੀ ਲੋੜ ਹੈ ਤਾਂ ਜੋ ਇਸ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਸਕੇ । ਕੁਦਰਤੀ ਖੇਤੀ ਸਕੂਲ ਵਲੋਂ ਵੀ ਛੋਟੇ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਸੰਬੰਧੀ ਵਧੀਆ ਖੋਜ ਕੀਤੀ ਗਈ ਹੈ। ਉਪਜ ਦੇ ਪਦਾਰਥੀਕਰਨ ਦਾ ਵੀ ਪ੍ਰਦਰਸ਼ਨ ਕੇਂਦਰ ਬਣਾਇਆ ਗਿਆ ਹੈ। ਕਿਸਾਨਾਂ ਲਈ ਵਿਕਰੀ ਸੰਬੰਧੀ ਖੋਜ ਨੂੰ ਵਿਸ਼ੇਸ਼ ਢੰਗ ਨਾਲ ਪ੍ਰਦਰਸ਼ਿਤ ਕੀਤਾ ਜਾਵੇ ਤਾਂ ਜੋ ਕਿਸਾਨ ਇਸ ਪ੍ਰਦਰਸ਼ਨੀ ਨੂੰ ਜ਼ਰੂਰ ਵੇਖਣ। ਮੇਲੇ ਵਿੱਚ ਇਸ ਸੰਬੰਧੀ ਪ੍ਰਚਾਰ ਕਰਕੇ ਕਿਸਾਨਾਂ ਨੂੰ ਇਹ ਪ੍ਰਦਰਸ਼ਨੀ ਵੇਖਣ ਲਈ ਉਤਸ਼ਾਹਿਤ ਕੀਤਾ ਜਾਵੇ । ਪਸ਼ੂ ਪਾਲਣ ਯੂਨੀਵਰਸਿਟੀ ਵਲੋਂ ਮੇਲਾ ਉਸੇ ਦਿਨ ਲਗਾਇਆ ਜਾਂਦਾ ਹੈ। ਉਨ੍ਹਾਂ ਵਲੋਂ ਵੀ ਕਿਸਾਨ ਨੂੰ ਪਸ਼ੂ ਪਾਲਣ ਲਈ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਦੀ ਲੋੜ ਹੈ । ਪੰਜਾਬ ਵਿੱਚ ਸਿੰਚਾਈ ਸਹੂਲਤਾਂ ਕਾਰਨ ਸਾਰਾ ਸਾਲ ਹਰਾ ਚਾਰਾ ਮਿਲ ਸਕਦਾ ਹੈ। ਇਥੇ ਸਾਰੇ ਦੇਸ਼ ਦੇ ਮੁਕਾਬਲੇ ਪਸ਼ੂ ਵਧੇਰੇ ਦੁੱਧ ਦਿੰਦੇ ਹਨ ਪਰ ਹਰੇਕ ਵਰ੍ਹੇ ਪੰਜਾਬ ਵਿੱਚ ਪਸ਼ੂਆਂ ਦੀ ਗਿਣਤੀ ਘਟ ਰਹੀ ਹੈ । ਸਾਰੀ ਖੇਤੀ ਮਸ਼ੀਨੀ ਹੋਣ ਨਾਲ ਕੇਵਲ ਦੁਧਾਰੂ ਪਸ਼ੂ ਹੀ ਰਹਿ ਗਏ ਹਨ ਪਰ ਕਿਸਾਨ ਉਨ੍ਹਾਂ ਵਲੋਂ ਵੀ ਮੁੱਖ ਮੋੜ ਰਹੇ ਹਨ । ਇਸ ਨਾਲ ਕਿਸਾਨ ਦੀ ਆਮਦਨ ਘੱਟ ਰਹੀ ਹੈ । ਲੋਕਾਂ ਵਿੱਚ ਦੁੱਧ, ਦਹੀਂ, ਮੱਖਣ ਆਦਿ ਦੀ ਵਰਤੋਂ ਘੱਟ ਰਹੀ ਹੈ ਅਤੇ ਖੇਤਾਂ ਲਈ ਰੂੜੀ ਮੁੱਕ ਰਹੀ ਹੈ ।

ਯੂਨੀਵਰਸਿਟੀ ਵਲੋਂ ਬੀਬੀਆਂ ਲਈ ਵਿਸ਼ੇਸ਼ ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ । ਖੇਤੀ ਮਸ਼ੀਨੀ ਹੋ ਗਈ ਹੈ, ਡੰਗਰ ਅਲੋਪ ਹੋ ਰਹੇ ਹਨ, ਇਸ ਕਰਕੇ ਬੀਬੀਆਂ ਦੇ ਕਰਨ ਵਾਲੇ ਕੰਮ ਘਟ ਗਏ ਹਨ । ਵਿਹਲ ਸਿਹਤ ਅਤੇ ਸੋਚ ਲਈ ਹਾਨੀਕਾਰਕ ਹੁੰਦੀ ਹੈ । ਖੇਤੀ ਉਪਜ ਦੀ ਸਾਂਭ ਸੰਭਾਲ, ਪਦਾਰਥੀਕਰਨ, ਘਰ ਬਗੀਚੀ ਅਤੇ ਆਮਦਨ ਲਈ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਮੇਲੇ ਵਿੱਚ ਬੀਬੀਆਂ ਨੂੰ ਕੇਵਲ ਜਾਣਕਾਰੀ ਹੀ ਨਾ ਦਿੱਤੀ ਜਾਵੇ ਸਗੋਂ ਅਮਲੀ ਤੌਰ ਉਤੇ ਕਰਕੇ ਵਿਖਾਇਆ ਜਾਣਾ ਚਾਹੀਦਾ ਹੈ । ਉਪਰ ਲਿਖੀਆਂ ਵਿਸ਼ੇਸ਼ ਪ੍ਰਦਰਸ਼ਨੀਆਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣ ਦਾ ਪ੍ਰਬੰਧ ਕੀਤਾ ਜਾਵੇ । ਇਸ ਬਾਰੇ ਕਈ ਥਾਵਾਂ ਤੋਂ ਸਪੀਕਰ ਰਾਹੀਂ ਜਾਣਕਾਰੀ ਸਾਂਝੀ ਕੀਤੀ ਜਾਵੇ । ਕ੍ਰਿਸ਼ੀ ਵਿਗਿਆਨ ਕੇਂਦਰਾਂ ਨੂੰ ਇਹ ਜਾਣਕਾਰੀ ਆਪਣੇ ਜ਼ਿਲ੍ਹੇ ਦੇ ਕਿਸਾਨਾਂ ਤੱਕ ਪਹੁੰਚਾਉਣੀ ਚਾਹੀਦੀ ਹੈ । ਜੇਕਰ ਹੋ ਸਕੇ ਤਾਂ ਜ਼ਿਲ੍ਹੇ ਦੇ ਕੁਝ ਚੋਣਵੇਂ ਕਿਸਾਨਾਂ ਦੀ ਅਗਵਾਈ ਕਰਕੇ ਉਨ੍ਹਾਂ ਨੂੰ ਨਵੀਨ ਜਾਣਕਾਰੀ ਦੇਣ ਵਾਲੀਆਂ ਪ੍ਰਦਰਸ਼ਨੀਆਂ ਵਿਖਾਈਆਂ ਜਾਣ। ਇਨ੍ਹਾਂ ਕਿਸਾਨਾਂ ਨੂੰ ਉਤਸ਼ਾਹਿਤ ਕਰਕੇ ਅਪਨਾਉਣ ਲਈ ਤਿਆਰ ਕੀਤਾ ਜਾਵੇ । ਇੰਝ ਕਰਕੇ ਹਰੇਕ ਜ਼ਿਲ੍ਹੇ ਵਿੱਚ ਨਵੀਂ ਜਾਣਕਾਰੀ ਦੇ ਪ੍ਰਦਰਸ਼ਨ ਕੇਂਦਰ ਬਣਾਏ ਜਾ ਸਕਣਗੇ ।

ਕਿਸਾਨਾਂ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਤੰਬਰ ਦਾ ਮਹੀਨਾ ਗਿਆਨ ਦਾ ਮਹੀਨਾ ਹੈ। ਤੁਹਾਡੇ ਕੋਲ ਵਿਹਲ ਹੁੰਦੀ ਹੈ । ਮੇਲੇ ਦੀਆਂ ਤਰੀਖਾਂ ਘਰ ਵਿੱਚ ਲਿਖ ਕੇ ਰੱਖੋ ਤਾਂ ਜੋ ਕਿਸੇ ਹੋਰ ਰੁਝੇਵੇਂ ਵਿੱਚ ਨਾ ਉਲਝਿਆ ਜਾ ਸਕੇ । ਇਕੱਲੇ ਮੇਲੇ ਵਿੱਚ ਨਾ ਆਵੋ ਘਰ ਵਾਲੀ ਨੂੰ ਨਾਲ ਲੈ ਕੇ ਆਵੋ ਉਸ ਲਈ ਵੀ ਲਿਖਣ ਲਈ ਬਹੁਤ ਕੁਝ ਹੈ । ਮੇਲੇ ਵਿੱਚ ਪੁੱਜ ਸਿੱਧੇ ਬੀਜ ਵਿਕਰੀ ਕੇਂਦਰ ਉਤੇ ਨਾ ਜਾਵੋ ਸਗੋਂ ਮਹੱਤਵਪੂਰਨ ਪ੍ਰਦਰਸ਼ਨੀਆਂ ਨੂੰ ਜ਼ਰੂਰ ਵੇਖਿਆ ਜਾਵੇ । ਆਮ ਤੌਰ ਉਤੇ ਵੇਖਿਆ ਗਿਆ ਹੈ ਕਿਸਾਨ ਸਿੱਧੇ ਬੀਜ ਵਿਕਰੀ ਕੇਂਦਰ ਉਤੇ ਜਾਂਦੇ ਹਨ । ਬੀਜ ਖਰੀਦ ਮੁੱਖ ਪ੍ਰਦਰਸ਼ਨੀ ਮੈਦਾਨ ਵਿੱਚੋਂ ਕੁਝ ਵਸਤਾਂ ਖਰੀਦ ਚਾਹ ਪਕੌੜੇ ਅਤੇ ਜਲੇਬੀਆਂ ਖਾ ਕੇ ਵਾਪਸੀ ਲਈ ਚਾਲੇ ਪਾ ਲੈਂਦੇ ਹਨ । ਆਪਣੀਆਂ ਸਮੱਸਿਆਵਾਂ ਲਿਖ ਕੇ ਲਿਆਵੋ, ਸੰਬੰਧਿਤ ਵਿਗਿਆਨੀ ਨਾਲ ਉਨ੍ਹਾਂ ਬਾਰੇ ਵਿਚਾਰ ਕਰੋ । ਆਪਣੇ ਪ੍ਰਸ਼ਨ ਤੁਸੀਂ ਪ੍ਰਸ਼ਨ ਉੱਤਰ ਸੈਸ਼ਨ ਵਿਚ ਵੀ ਪੁੱਛ ਸਕਦੇ ਹੋ । ਯੂਨੀਵਰਸਿਟੀ



ਦੀ ਕਿਤਾਬਾਂ ਵਾਲੀ ਦੁਕਾਨ ਉਤੇ ਵੀ ਜਾਵੋ। ਆਪਣੀ ਲੋੜ ਅਨੁਸਾਰ ਕਿਤਾਬਾਂ ਖਰੀਦੋ । ਮਹੀਨੇਵਾਰ ਰਸਾਲੇ ਚੰਗੀ ਖੇਤੀ ਦਾ ਚੰਦਾ ਭਰੋ ਤਾਂ ਜੋ ਹਰੇਕ ਮਹੀਨੇ ਤੁਹਾਨੂੰ ਨਵੀਂ ਜਾਣਕਾਰੀ ਮਿਲਦੀ ਰਹੇ। ਸੰਸਾਰ ਕੇਂਦਰ ਤੋਂ ਸੋਸ਼ਲ ਮੀਡੀਆ ਉਤੇ ਪਾਏ ਜਾਣ ਵਾਲੇ ਪ੍ਰੋਗਰਾਮਾਂ ਦਾ ਵੀ ਵੇਰਵਾ ਲਵੋ । ਇਨ੍ਹਾਂ ਪ੍ਰੋਗਰਾਮਾਂ ਨੂੰ ਜ਼ਰੂਰ ਵੇਖੋ ਅਤੇ ਸੁਣੋ । ਜਿਹੜੀਆਂ ਫ਼ਸਲਾਂ ਜਾਂ ਧੰਦਿਆਂ ਵਿੱਚ ਤੁਹਾਡੀ ਵਿਸ਼ੇਸ਼ ਰੁਚੀ ਹੈ ਸੰਬੰਧਿਤ ਮਾਹਿਰਾਂ ਨਾਲ ਸੰਪਰਕ ਕਰਕੇ ਅਤੇ ਉਨ੍ਹਾਂ ਦੇ ਮੋਬਾਇਲ ਨੰਬਰ ਲਿਖ ਕੇ ਕੋਲ ਰੱਖੋ। ਜਦੋਂ ਵੀ ਲੋੜ ਪਵੇ ਤੁਸੀਂ ਵੀਡੀਓ ਕਾਲ ਕਰਕੇ ਨੁਕਸਾਨ ਕਰ ਰਹੇ ਕੀੜੇ ਬਿਮਾਰੀਆਂ ਨੂੰ ਵਿਖਾ ਕੇ ਇਨ੍ਹਾਂ ਦੀ ਰੋਕਥਾਮ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ । ਹੁਣ ਤੁਹਾਨੂੰ ਮਾਹਿਰਾਂ ਕੋਲ ਜਾਣ ਦੀ ਵੀ ਲੋੜ ਨਹੀਂ ਹੈ ਕਿਉਂਕਿ ਤੁਹਾਡੇ ਸਾਰਿਆਂ ਕੋਲ ਸਮਾਰਟ ਫੋਨ ਹਨ । ਇਨ੍ਹਾਂ ਰਾਹੀਂ ਜਿਥੇ ਤੁਸੀਂ ਯੂਨੀਵਰਸਿਟੀ ਦੇ ਪ੍ਰੋਗਰਾਮ ਵੇਖ ਸਕਦੇ ਹੋ ਉਥੇ ਮਾਹਿਰਾਂ ਨਾਲ ਗਲਬਾਤ ਕਰਕੇ ਆਪਣੀ ਸਮੱਸਿਆ ਦਾ ਹਲ ਵੀ ਪ੍ਰਾਪਤ ਕਰ ਸਕਦੇ ਹੋ ।

ਕਦੀ ਸਮਾਂ ਸੀ ਜਦੋਂ ਕਿਸਾਨ ਘਰ ਦੀਆਂ ਸਾਰੀਆਂ ਲੋੜਾਂ ਜਿਵੇਂ ਕਿ ਦੁੱਧ, ਸਬਜ਼ੀ, ਦਾਲਾਂ, ਤੇਲ ਬੀਜ, ਕਪਾਹ ਆਦਿ ਆਪਣੇ ਖੇਤਾਂ ਵਿੱਚੋਂ ਹੀ ਪੂਰੀਆਂ ਕਰਦਾ ਸੀ ਪਰ ਹੁਣ ਇਸ ਪਾਸੇ ਤੋਂ ਮੁੱਖ ਮੋੜਿਆ ਜਾ ਰਿਹਾ ਹੈ । ਬਜ਼ਾਰ ਵਿੱਚੋਂ ਇਨ੍ਹਾਂ ਦਾ ਬਿਨਾਂ ਮਿਲਾਵਟ ਮਿਲਣਾ ਬਹੁਤ ਮੁਸ਼ਕਿਲ ਹੈ । ਬਜ਼ਾਰੂ ਵਸਤਾਂ ਦਾ ਸੇਵਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਯੂਨੀਵਰਸਿਟੀ ਵਲੋਂ ਇਹ ਉਪਰਾਲਾ ਕੀਤਾ ਗਿਆ ਹੈ ਤੇ ਥੋੜ੍ਹੀ-ਥੋੜ੍ਹੀ ਮਿਕਦਾਰ ਵਿੱਚ ਸਬਜ਼ੀਆਂ ਦੇ ਬੀਜਾਂ, ਦਾਲਾਂ ਤੇ ਤੇਲ ਬੀਜ ਅਤੇ ਚਾਰੇ ਦੀਆਂ ਫ਼ਸਲਾਂ ਦੇ ਬੀਜਾਂ ਦੀਆਂ ਕਿੱਟਾਂ ਤਿਆਰ ਕੀਤੀਆਂ ਗਈਆਂ ਹਨ । ਕਣਕ ਦਾ ਬੀਜ ਲੈਣ ਦੇ ਨਾਲੋਂ ਨਾਲ ਇਹ ਕਿੱਟਾਂ ਜ਼ਰੂਰ ਲੈ ਕੇ ਜਾਵੋ ਤੇ ਘਰ ਦੀ ਉਪਜ ਦਾ ਸੁਆਦ ਮਾਣੋ । ਇਸ ਤਰ੍ਹਾਂ ਕੁਝ ਫ਼ਲਾਂ ਦੇ ਬੂਟੇ ਵੀ ਜ਼ਰੂਰ ਲੈ ਕੇ ਜਾਵੋ । ਆਪਣੀ ਬੰਬੀ ਉੱਤੇ ਲਗਾਵੋ ਅਮਰੂਦ, ਨਿੰਬੂ, ਕਿੰਨੋ, ਅੰਬ ਦੇ ਬੂਟੇ ਹੁਣ ਵੀ ਲਗਾਏ ਜਾ ਸਕਦੇ ਹਨ । ਇਸ ਵਾਰ ਸਤੰਬਰ ਮਹੀਨੇ ਦੇ ਮੇਲਿਆਂ ਦਾ ਸੁਨੇਹਾ ਹੈ ''ਵਿਗਿਆਨਕ ਢੰਗ ਅਪਨਾਵੋ ਆਪਣੀ ਆਮਦਨ ਵਧਾਵੋ'' ਯੂਨੀਵਰਸਿਟੀ ਨੂੰ ਵੀ ਚਾਹੀਦਾ ਹੈ ਕਿ ਕੁਝ ਚੋਣਵੇਂ ਢੰਗਾਂ ਦਾ ਵਿਸ਼ੇਸ਼ ਪ੍ਰਦਰਸ਼ਨ ਕੀਤਾ ਜਾਵੇ । ਕਣਕ ਦੀਆਂ ਪੀ ਬੀ ਡਬਲਯੂ 872 ਅਤੇ ਪੀ ਬੀ ਡਬਲਯੂ 826 ਦਾ ਬੀਜ ਮਿਲੇਗਾ । ਘਰ ਦੀ ਵਰਤੋਂ ਲਈ ਇੱਕ ਕਿਸਮ ਪੀ ਬੀ ਡਬਲਯੂ ਚਪਾਤੀ ਹੈ ਇਸ ਦੀ ਕਾਸ਼ਤ ਵੀ ਕੁਝ ਰਕਬੇ ਵਿੱਚ ਕੀਤੀ ਜਾ ਸਕਦੀ ਹੈ। ਲੁਧਿਆਣੇ ਦਾ ਮੁੱਖ ਮੇਲਾ 18-19 ਸਤੰਬਰ ਨੂੰ ਹੋਵੇਗਾ । ਇਸ ਮੇਲੇ ਵਿੱਚ ਆਉਣ ਲਈ ਹੁਣ ਤੋਂ ਹੀ ਤਿਆਰੀ ਕਰ ਲਵੋ । ਜੇਕਰ ਕਿਸੇ ਕਾਰਨ ਇਸ ਮੇਲੇ ਵਿੱਚ ਨਾ ਆ ਸਕੋ ਤਾਂ ਆਪਣੇ ਇਲਾਕੇ ਦੇ ਮੇਲੇ ਵਿੱਚ ਜ਼ਰੂਰ ਜਾਵੋ । ਇਹ ਮੇਲੇ ਰੌਣੀ (ਪਟਿਆਲਾ) 15 ਸਤੰਬਰ, ਫ਼ਰੀਦਕੋਟ 22 ਸਤੰਬਰ, ਬਠਿੰਡਾ 25 ਸਤੰਬਰ ਅਤੇ ਗੁਰਦਾਸਪੁਰ 29 ਸਤੰਬਰ ਨੂੰ ਹੋਣਗੇ । ਉਮੀਦ ਹੈ ਤੁਸੀਂ ਇਸ ਵਾਰ ਹੁੰਮ ਹੁੰਮਾ ਦੇ ਆਵੋਗੇ ਤੇ ਨਵਾਂ ਗਿਆਨ ਪ੍ਰਾਪਤ ਕਰਕੇ ਜਾਵੋਗੇ ।

ਬਾਕੀ ਸਫਾ 4 ਦੀ

# ਖੇਤਾਂ ਤੋਂ ਸ਼ੁਰੂ ਹੋਵੇ ਊਰਜਾ ਸਵੈ-ਨਿਰਭਰਤਾ

2024-25 ਦੇ ਅੰਕੜਿਆਂ ਮੁਤਾਬਕ ਭਾਰਤ ਨੇ 242.4 ਕੁ ਮਿਲੀਅਨ ਟਨ ਕੱਚਾ ਤੇਲ ਦਰਾਮਦ ਕੀਤਾ ਜਿਸ 'ਤੇ ਕਰੀਬ 137 ਅਰਬ ਡਾਲਰ ਖ਼ਰਚ ਹੋਏ । ਇਸ ਤੋਂ ਇਲਾਵਾ ਲਗਪਗ 51.1 ਮਿਲੀਅਨ ਟਨ ਪੈਟਰੋਲੀਅਮ ਉਤਪਾਦ ਵੀ ਦਰਾਮਦ ਕੀਤੇ ਗਏ, ਜਿਨਾਂ ਦੀ ਕੀਮਤ 23.9 ਕੁ ਅਰਬ ਡਾਲਰ ਸੀ। ਕੁੱਲ ਮਿਲਾ ਕੇ ਕੱਚੇ ਤੇਲ ਅਤੇ ਪੈਟਰੋਲੀਅਮ ਉਤਪਾਦਾਂ ਦੀ ਦਰਾਮਦ ਕੀਮਤ ਲਗਪਗ 160.9 ਅਰਬ ਡਾਲਰ ਬਣੀ । ਭਾਰਤ ਦੀ ਕੱਚੇ ਤੇਲ ਦੀ ਦਰਾਮਦ ਨਿਰਭਰਤਾ ਵੀ ਲਗਪਗ 88.2 ਫ਼ੀਸਦੀ ਰਹੀ । ਇਸ ਲਈ ਜੇ ਦੇਸੀ ਸੀਬੀਜੀ ਰਾਹੀਂ ਪੈਟਰੋਲੀਅਮ ਜਾਂ ਕੁਦਰਤੀ ਗੈਸ ਦੀ ਮੰਗ ਦਾ ਇੱਕ ਹਿੱਸਾ ਬਦਲਿਆ ਜਾ ਸਕਦਾ ਹੈ ਤਾਂ ਇਹ ਸਿਰਫ਼ ਪੰਜਾਬ ਦੀ ਪਰਾਲੀ ਦਾ ਹੱਲ ਨਹੀਂ, ਵਿਦੇਸ਼ੀ ਮੁਦਰਾ ਬਚਾਉਣ ਦੀ ਰਾਸ਼ਟਰੀ ਨੀਤੀ ਵੀ ਬਣ ਸਕਦੀ ਹੈ। ਸੀਬੀਜੀ ਪਲਾਂਟ ਵਿੱਚ ਪਰਾਲੀ ਤੋਂ ਗੈਸ ਬਣਨ ਤੋਂ ਬਾਅਦ ਆਰਗੈਨਿਕ ਖਾਦ ਵਰਗੇ ਉਪ-ਉਤਪਾਦ ਮਿਲਦੇ ਹਨ । ਇਹ ਜੈਵਿਕ ਖਾਦ ਵਜੋਂ ਖੇਤੀ ਵਿੱਚ ਵਰਤੇ ਜਾ ਸਕਦੇ ਹਨ ਤੇ ਰਸਾਇਣਕ ਖਾਦਾਂ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਕਰ ਸਕਦੇ ਹਨ । 2023-24 ਵਿੱਚ ਭਾਰਤ ਨੇ ਲਗਪਗ 70.42 ਲੱਖ ਟਨ ਯੂਰੀਆ, 55.67 ਲੱਖ ਟਨ ਡੀਏਪੀ, 28.69 ਲੱਖ ਟਨ ਐੱਮਓਪੀ ਅਤੇ 22.17 ਲੱਖ ਟਨ ਐੱਨਵੀਕੇਐੱਸ ਦਰਾਮਦ ਕੀਤੇ ਸਨ । ਇਹ ਲਗਪਗ 176.95 ਲੱਖ ਟਨ ਬਣਦਾ ਹੈ । ਇਸ ਲਈ ਸੀਬੀਜੀ ਪਲਾਂਟ ਦਾ ਮਾਡਲ ਸਿਰਫ਼ ਇਹ ਨਹੀਂ ਹੋਣਾ ਚਾਹੀਦਾ ਕਿ ਪਰਾਲੀ ਗੈਸ ।

ਇਹ ਹੋਣਾ ਚਾਹੀਦਾ ਹੈ, ਪਰਾਲੀ ਸੀਬੀਜੀ ਜੈਵਿਕ ਖਾਦ ਈਂਧਨ ਦੀ ਬੱਚਤ ਤੇ ਰਸਾਇਣਕ ਖਾਦ ਦੀ ਅੰਸ਼ਕ ਬਦਲੀ । ਹਾਲਾਂਕਿ ਇੱਥੇ ਇਹ ਦਾਅਵਾ ਨਹੀਂ ਕੀਤਾ ਜਾ ਰਿਹਾ ਕਿ ਪਰਾਲੀ ਤੋਂ ਬਣੀ ਖਾਦ ਰਸਾਇਣਕ ਖਾਦ ਦਾ ਕੋਈ ਪੂਰਾ ਬਦਲ ਹੈ । ਇਹ ਉਨ੍ਹਾਂ ਦੀ ਪੂਰੀ ਥਾਂ ਨਹੀਂ ਲੈ ਸਕਦਾ ਪਰ ਇਹ ਮਿੱਟੀ ਵਿੱਚ ਜੈਵਿਕ ਪਦਾਰਥ ਤੇ ਕੁੱਝ ਪੋਸ਼ਕ ਤੱਤ ਵਾਪਸ ਲਿਆਉਣ ਤੇ ਰਸਾਇਣਕ ਦੀ ਕੁੱਝ ਲੋੜ ਘਟਾਉਣ ਵਿੱਚ ਮਦਦ ਕਰ ਸਕਦਾ ਹੈ । ਇੰਜ ਹੋਈ ਵਿਦੇਸ਼ੀ ਮੁਦਰਾ ਦੀ ਬੱਚਤ ਵਿੱਚੋਂ ਇੱਕ ਹਿੱਸਾ ਸਿੱਧੇ ਤੌਰ 'ਤੇ ਸੀਬੀਜੀ ਬੁਨਿਆਦੀ ਢਾਂਚੇ ਲਈ ਰੱਖਿਆ ਜਾ ਸਕਦਾ ਹੈ । ਇਸ ਪੈਸੇ ਨਾਲ ਪਿੰਡ ਪੱਧਰ 'ਤੇ ਪਰਾਲੀ ਇਕੱਠੀ ਕਰਨ ਦੇ ਕੇਂਦਰ, ਥੇਲਿੰਗ ਮਸ਼ੀਨਰੀ, ਸਟੋਰੇਜ, ਟਰਾਂਸਪੋਰਟ ਤੇ ਗੈਸ ਗਰਿੱਡ ਨਾਲ ਜੋੜਨ ਵਾਲਾ ਢਾਂਚਾ ਤਿਆਰ ਕੀਤਾ ਜਾ ਸਕਦਾ ਹੈ। ਸਰਕਾਰ ਇੱਕ ਅਜਿਹਾ ਢਾਂਚਾ ਤਿਆਰ ਕਰੇਗੀ ਜੋ ਭਵਿੱਖ ਵਿੱਚ ਆਪਣੇ ਲਈ ਵੀ ਆਮਦਨ ਅਤੇ ਬੱਚਤ ਪੈਦਾ ਕਰੇ । ਸੀਬੀਜੀ ਆਉਣ ਨਾਲ ਪੰਜਾਬ ਅਗਲੇ ਦਿਨ ਹੀ ਪੈਟਰੋਲ ਦੇ ਮਾਮਲੇ ਵਿੱਚ ਆਤਮ ਨਿਰਭਰ ਨਹੀਂ ਹੋ ਜਾਵੇਗਾ । ਸੀਬੀਜੀ ਪੈਟਰੋਲ ਦਾ ਸਿੱਧਾ ਬਦਲ ਨਹੀਂ ਹੈ ਪਰ ਜੇ ਸੀਬੀਜੀ ਨਾਲ ਸੀਐੱਨਜੀ ਦੀ ਮੰਗ ਦਾ ਵੱਡਾ ਹਿੱਸਾ ਪੂਰਾ ਹੁੰਦਾ ਹੈ ਤੇ ਵਪਾਰਕ ਆਵਾਜਾਈ ਵਿੱਚ ਡੀਜ਼ਲ ਦੀ ਥਾਂ ਗੈਸ ਈਂਧਨ ਦੀ ਵਰਤੋਂ ਵਧਦੀ ਹੈ ਤਾਂ ਪੰਜਾਬ ਦੀ ਕੁੱਲ ਪੈਟਰੋਲੀਅਮ ਨਿਰਭਰਤਾ ਘੱਟ ਸਕਦੀ ਹੈ ।

# ਇਕ ਜ਼ਰੂਰੀ ਅਧਿਕਾਰ ਹੈ ਭੋਜਨ ਸੁਰੱਖਿਆ



**ਡਾ. ਅੰਮ੍ਰਿਤ ਸਾਗਰ ਮਿੱਤਲ,**
**ਵਾਈਸ ਚੇਅਰਮੈਨ ਸੋਨਾਲੀਕਾ**

**ਭਾਰਤ ਵਿੱਚ ਦੁਨੀਆ ਦੇ ਸਭ ਤੋਂ ਵਿਆਪਕ ਖੁਰਾਕ ਸੁਰੱਖਿਆ ਕਾਨੂੰਨ ਹਨ, ਫਿਰ ਵੀ ਮਿਲਾਵਟ, ਦੂਸ਼ਣ ਤੇ ਕਮਜ਼ੋਰ ਲਾਗੂ ਕਰਨ ਦੀ ਵਿਵਸਥਾ ਹੋਣ ਕਾਰਨ ਜਨਤਕ ਭਰੋਸੇ ਨੂੰ ਖੋਰਾ ਲਾਉਂਦੇ ਹਨ। ਮੁੱਖ ਸਮੱਸਿਆ ਨਿਯਮਾਂ ਦੀ ਗੈਰਹਾਜ਼ਰੀ ਨਹੀਂ, ਸਗੋਂ ਨਿਯਮਾਂ ਨੂੰ ਲਾਗੂ ਕਰਨ ਵਿਚਲੇ ਪਾੜੇ ਦੀ ਹੈ। ਇਹ ਪਾੜਾ ਖੁਰਾਕ ਅਰਥਵਿਵਸਥਾ ਵਿੱਚ ਖਾਸ ਤੌਰ 'ਤੇ ਦਿਖਾਈ ਦਿੰਦਾ ਹੈ। ਵੱਡੀਆਂ ਕੰਪਨੀਆਂ ਤੋਂ ਬਾਜ਼ਾਰ ਤੱਕ ਪਹੁੰਚਣ ਤੋਂ ਪਹਿਲਾਂ ਖੁਰਾਕ ਉਤਪਾਦਾਂ ਦੀ ਜਾਂਚ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਪਰ ਜ਼ਿਆਦਾਤਰ ਸੰਚਾਲਕ ਅਜਿਹਾ ਨਹੀਂ ਕਰਦੇ। ਇਹ ਜਾਂਚ ਆਮ ਤੌਰ 'ਤੇ ਸਿਰਫ਼ ਸ਼ਿਕਾਇਤਾਂ ਆਉਣ ਤੋਂ ਬਾਅਦ ਹੀ ਹੁੰਦੀ ਹੈ, ਉਦੋਂ ਤੱਕ ਮਿਲਾਵਟੀ ਸਾਮਾਨ ਦੇਸ਼ ਭਰ ਵਿੱਚ ਪਹੁੰਚ ਚੁੱਕਾ ਹੁੰਦਾ ਹੈ। ਇਸੇ ਕਾਰਨ ਸੁਰੱਖਿਅਤ ਭੋਜਨ ਦਾ ਹੱਕ ਜ਼ਿਆਦਾਤਰ ਖਪਤਕਾਰਾਂ ਲਈ ਸਿਰਫ਼ ਕਾਗਜ਼ਾਂ 'ਤੇ ਹੀ ਹੈ, ਅਮਲ ਵਿੱਚ ਨਹੀਂ।**

ਹਾਲ ਹੀ ਵਿੱਚ 140 ਸਾਲ ਤੋਂ ਵੱਧ ਪੁਰਾਣੇ ਬ੍ਰਾਂਡ ਦੇ ਖਿਲਾਫ਼ ਰੈਗੂਲੇਟਰੀ ਕਾਰਵਾਈ ਨੇ ਜਨਤਕ ਚਿੰਤਾ ਵਧਾ ਦਿੱਤੀ ਹੈ। ਭਾਰਤੀ ਖੁਰਾਕ ਸੁਰੱਖਿਆ ਤੇ ਮਾਪਦੰਡ ਅਥਾਰਟੀ (ਐਫ. ਐਸ. ਐਸ. ਏ. ਆਈ.) ਨੇ ਕੰਪਨੀ ਨੂੰ 100 ਫ਼ੀਸਦੀ ਸ਼ੁੱਧਤਾ ਦੇ ਦਾਅਵਿਆਂ ਵਾਲੇ ਸ਼ਹਿਦ, ਗਾਂ ਦੇ ਘਿਓ, ਖਾਣ ਵਾਲੇ ਤੇਲ ਤੇ ਨਾਰੀਅਲ ਉਤਪਾਦ ਦੀ ਵਿਕਰੀ 'ਤੇ ਰੋਕ ਲਗਾਉਣ ਦਾ ਆਦੇਸ਼ ਦਿੰਦਿਆਂ ਪੰਜਾਬ ਦੇ ਇੱਕ ਸਮੇਤ 6 ਹੋਰ ਖੁਰਾਕੀ ਵਸਤਾਂ ਦੇ ਕਾਰੋਬਾਰਾਂ ਵਿਰੁੱਧ ਵੀ ਅਜਿਹੀ ਕਾਰਵਾਈ ਕੀਤੀ ਹੈ। ਕੇਂਦਰੀ ਨੁਕਤਾ ਸਪੱਸ਼ਟ ਹੈ ਸੁਰੱਖਿਅਤ ਭੋਜਨ ਕਾਨੂੰਨੀ ਹੱਕ ਤਾਂ ਹੈ, ਪਰ ਅਮਲ ਵਿੱਚ ਹਕੀਕਤ ਨਹੀਂ। ਹੁਣ ਖੁਰਾਕ ਧੋਖਾਧੜੀ - ਪਤਲੇ ਕੀਤੇ ਦੁੱਧ ਜਾਂ ਅਨਾਜ ਵਿੱਚ ਕੰਕਰਾਂ ਤੋਂ ਕਿਤੇ ਅੱਗੇ ਵੱਧ ਕੇ ਮਸਾਲਿਆਂ ਵਿੱਚ ਨਕਲੀ ਰੰਗ, ਦੁੱਧ ਵਿੱਚ ਡਿਟਰਜੈਂਟ, ਮਠਿਆਈਆਂ ਵਿੱਚ ਉਦਯੋਗਿਕ ਰਸਾਇਣ ਤੇ ਖਾਣਾ ਪਕਾਉਣ ਲਈ ਦੁਬਾਰਾ ਵਰਤੇ ਜਾਂਦੇ ਤੇਲ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਭਾਵੇਂ ਕਈ ਦੂਸ਼ਕ ਫ਼ੌਰੀ ਬਿਮਾਰੀ ਪੈਦਾ ਨਹੀਂ ਕਰਦੇ, ਪਰ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਜਿਗਰ ਤੇ ਗੁਰਦੇ ਦੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ, ਜੋ ਸਾਲਾਂ ਬਾਅਦ ਸਾਹਮਣੇ ਆਉਂਦੀਆਂ ਹਨ। ਇਸੇ ਕਾਰਨ ਖਪਤਕਾਰਾਂ ਲਈ ਮੁੱਦਾ ਹੁਣ ਸਿਰਫ਼ ਸਮਰੱਥਾ ਦਾ ਨਹੀਂ, ਸਗੋਂ ਭਰੋਸੇਯੋਗਤਾ ਦਾ ਹੈ।




ਭਾਰਤ ਵਿੱਚ ਦੁਨੀਆ ਦੇ ਸਭ ਤੋਂ ਵਿਆਪਕ ਖੁਰਾਕ ਸੁਰੱਖਿਆ ਕਾਨੂੰਨ ਹਨ, ਫਿਰ ਵੀ ਮਿਲਾਵਟ, ਦੂਸ਼ਣ ਤੇ ਕਮਜ਼ੋਰ ਲਾਗੂ ਕਰਨ ਦੀ ਵਿਵਸਥਾ ਹੋਣ ਕਾਰਨ ਜਨਤਕ ਭਰੋਸੇ ਨੂੰ ਖੋਰਾ ਲਾਉਂਦੇ ਹਨ। ਮੁੱਖ ਸਮੱਸਿਆ ਨਿਯਮਾਂ ਦੀ ਗੈਰਹਾਜ਼ਰੀ ਨਹੀਂ, ਸਗੋਂ ਨਿਯਮਾਂ ਨੂੰ ਲਾਗੂ ਕਰਨ ਵਿਚਲੇ ਪਾੜੇ ਦੀ ਹੈ। ਇਹ ਪਾੜਾ ਖੁਰਾਕ ਅਰਥਵਿਵਸਥਾ ਵਿੱਚ ਖਾਸ ਤੌਰ 'ਤੇ ਦਿਖਾਈ ਦਿੰਦਾ ਹੈ। ਵੱਡੀਆਂ ਕੰਪਨੀਆਂ ਤੋਂ ਬਾਜ਼ਾਰ ਤੱਕ ਪਹੁੰਚਣ ਤੋਂ ਪਹਿਲਾਂ ਖੁਰਾਕ ਉਤਪਾਦਾਂ ਦੀ ਜਾਂਚ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਪਰ ਜ਼ਿਆਦਾਤਰ ਸੰਚਾਲਕ ਅਜਿਹਾ ਨਹੀਂ ਕਰਦੇ। ਇਹ ਜਾਂਚ ਆਮ ਤੌਰ 'ਤੇ ਸਿਰਫ਼ ਸ਼ਿਕਾਇਤਾਂ ਆਉਣ ਤੋਂ ਬਾਅਦ ਹੀ ਹੁੰਦੀ ਹੈ, ਉਦੋਂ ਤੱਕ ਮਿਲਾਵਟੀ ਸਾਮਾਨ ਦੇਸ਼ ਭਰ ਵਿੱਚ ਪਹੁੰਚ ਚੁੱਕਾ ਹੁੰਦਾ ਹੈ। ਇਸੇ ਕਾਰਨ ਸੁਰੱਖਿਅਤ ਭੋਜਨ ਦਾ ਹੱਕ ਜ਼ਿਆਦਾਤਰ ਖਪਤਕਾਰਾਂ ਲਈ ਸਿਰਫ਼ ਕਾਗਜ਼ਾਂ 'ਤੇ ਹੀ ਹੈ, ਅਮਲ ਵਿੱਚ ਨਹੀਂ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਅਧਿਕਾਰੀਆਂ ਦੇ ਪਛਾਣਨ ਜਾਂ ਵਾਪਸ ਮੰਗਾਉਣ ਤੋਂ ਪਹਿਲਾਂ ਦੂਸ਼ਿਤ ਉਤਪਾਦ ਦੇਸ਼ ਵਿੱਚ ਵਿਆਪਕ ਤੌਰ 'ਤੇ ਪਹੁੰਚ ਜਾਂਦੇ ਹਨ।

2022 ਤੋਂ 2025 ਦੇ ਵਿਚਕਾਰ ਜਾਂਚੇ ਗਏ ਖੁਰਾਕ ਨਮੂਨਿਆਂ ਵਿੱਚੋਂ ਕਰੀਬ 6 ਵਿੱਚੋਂ ਇੱਕ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਿਹਾ। ਜਦਕਿ ਉਲੰਘਣਾਵਾਂ ਲਈ 1,100 ਤੋਂ ਵੱਧ ਲਾਇਸੈਂਸ ਰੱਦ ਜਾਂ ਮੁਅੱਤਲ ਕੀਤੇ ਗਏ, ਲੱਖਾਂ ਲੋਕ ਅਨਿਸ਼ਚਿਤਤਾ ਵਿੱਚ ਹਨ ਕਿ ਉਨ੍ਹਾਂ ਦੀ ਥਾਲੀ ਵਿੱਚ ਭੋਜਨ ਅਸਲੀ, ਸਾਫ਼-ਸੁਥਰਾ ਤੇ ਸੁਰੱਖਿਅਤ ਹੈ ਜਾਂ ਨਹੀਂ। ਭਾਰਤ ਨੇ 2006 ਵਿੱਚ ਖੁਰਾਕ ਸੁਰੱਖਿਆ ਤੇ ਮਾਪਦੰਡ ਕਾਨੂੰਨ ਬਣਾ ਕੇ ਪੂਰੀ ਖੁਰਾਕ ਲੜੀ ਨੂੰ ਨਿਯਮਿਤ ਕਰਨ ਲਈ ਐਚ. ਐਸ. ਐਸ. ਏ. ਆਈ. ਅਥਾਰਟੀ ਸਥਾਪਿਤ ਕੀਤੀ। ਕਾਗਜ਼ਾਂ 'ਤੇ ਢਾਂਚਾ ਬੜਾ ਮਜ਼ਬੂਤ ਹੈ, ਪਰ ਕੇਂਦਰੀ ਮੁੱਦਾ ਇਸ ਨੂੰ ਅਮਲ ਵਿੱਚ ਖੁਰਾਕੀ ਅਰਥਵਿਵਸਥਾ 'ਤੇ ਲਾਗੂ ਕਰਨ ਦਾ ਹੈ। ਸਫ਼ਾਈ ਦਰਜਾਬੰਦੀ ਯੋਜਨਾ ਦਰਸਾਉਂਦੀ ਹੈ ਕਿ ਇਹ ਪਾੜਾ ਰੋਜ਼ਾਨਾ ਨਿਗਰਾਨੀ ਵਿੱਚ ਕਿਵੇਂ ਦਿਖਾਈ ਦਿੰਦਾ ਹੈ। ਐਫ. ਐਸ. ਐਸ. ਏ. ਆਈ. ਇੱਕ ਤੋਂ 5 ਅੰਕਾਂ ਤੱਕ ਖਾਣ-ਪੀਣ ਦੀਆਂ ਥਾਵਾਂ ਨੂੰ ਸੁਰੱਖਿਅਤ ਕਰਦੀ ਸਫ਼ਾਈ ਦਰਜਾਬੰਦੀ ਦੀ ਯੋਜਨਾ ਚਲਾਉਂਦਾ ਹੈ ਤੇ ਇਹ ਸਵੈ-ਇੱਛੁਕ ਹੈ। ਜੇ ਅਸੀਂ ਜਾਣਨ ਦੀ ਕੋਸ਼ਿਸ਼ ਕਰੀਏ ਕਿ ਕਿੰਨੇ ਅਦਾਰਿਆਂ ਕੋਲ ਦਰਜਾਬੰਦੀ ਹੈ ਤਾਂ ਲੱਭ ਨਹੀਂ ਸਕਦੇ। 11 ਅਗਸਤ ਨੂੰ ਪ੍ਰਕਾਸ਼ਿਤ ਇੱਕ ਲੋਕਲ ਸਰਕਲਜ਼ ਸਰਵੇਖਣ ਅਨੁਸਾਰ 91,000 ਸਥਾਨਾਂ ਵਿੱਚ 244 ਜ਼ਿਲ੍ਹਿਆਂ ਵਿੱਚ 74 ਫ਼ੀਸਦੀ ਲੋਕਾਂ ਨੇ ਅਜਿਹੀ ਵਿਵਸਥਾ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਦੀ ਮੰਗ ਕੀਤੀ ਹੈ, ਜੋ ਵੱਧ ਮਜ਼ਬੂਤ ਨਿਗਰਾਨੀ ਲਈ ਵਿਆਪਕ ਦਬਾਅ ਨੂੰ ਦਰਸਾਉਂਦੀ ਹੈ।



## ਲਾਗੂ ਕਰਨ ਦਾ ਪਾੜਾ

ਭਾਰਤ ਦਾ ਕਾਨੂੰਨੀ ਢਾਂਚਾ ਆਧੁਨਿਕ ਹੈ, ਪਰ ਕੇਂਦਰੀ ਸਮੱਸਿਆ ਲਾਗੂ ਕਰਨ ਦੀ ਹੈ, ਜੋ ਰੋਕਥਾਮ ਦੀ ਬਜਾਏ ਪ੍ਰਤੀਕਿਰਿਆਤਮਕ ਰਹਿੰਦਾ ਹੈ। ਕੋਈ ਵੀ ਜਾਂਚ ਸਿਰਫ਼ ਸ਼ਿਕਾਇਤਾਂ ਆਉਣ ਤੋਂ ਬਾਅਦ ਹੁੰਦੀ ਹੈ, ਉਦੋਂ ਤੱਕ ਦੂਸ਼ਿਤ ਉਤਪਾਦ ਹਜ਼ਾਰਾਂ ਘਰਾਂ ਵਿੱਚ ਪਹੁੰਚ ਚੁੱਕੇ ਹੁੰਦੇ ਹਨ। ਢਿੱਲੀਆਂ/ਖੁੱਲ੍ਹੀਆਂ ਵਸਤਾਂ- ਮਸਾਲੇ, ਆਟਾ, ਤੇਲ ਤੇ ਦਾਲਾਂ ਮਿਆਰੀ ਪੈਕਿੰਗ ਤੋਂ ਬਿਨ੍ਹਾਂ ਵੇਚੀਆਂ ਜਾਣ ਕਰਕੇ, ਇਨ੍ਹਾਂ ਦੀ ਗੁਣਵੱਤਾ ਦਾ ਪਤਾ ਲਗਾਉਣਾ ਔਖਾ ਹੋ ਜਾਂਦਾ ਹੈ, ਸਮੇਂ-ਸਮੇਂ ਦੀ ਸੈਂਪਲਿੰਗ ਸੰਚਾਲਕਾਂ ਨੂੰ ਜਾਂਚਾਂ ਦੇ ਵਿਚਕਾਰ ਪਾਲਣਾ ਨੂੰ ਹੇਰਾਫੇਰੀ ਕਰਨ ਦਿੰਦੀ ਹੈ। ਮਹਾਰਾਸ਼ਟਰ ਨੇ ਦਿਖਾਇਆ ਹੈ ਕਿ ਜਦੋਂ ਪ੍ਰਤੀਕਿਰਿਆਤਮਿਕ ਬੇਰੋਕ-ਟੋਕ ਨੂੰ ਰਾਹ ਦਿੱਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ? ਐਫ.ਡੀ.ਏ. ਕਮਿਸ਼ਨਰ ਤੁਕਾਰਾਮ ਮੁੰਧੇ ਦੀਆਂ ਟੀਮਾਂ ਨੇ ਮਹਾਰਾਸ਼ਟਰ ਵਿੱਚ ਮਈ ਦੇ ਅਖ਼ੀਰ ਤੋਂ ਜੁਲਾਈ ਦੇ ਅੰਤ ਤੱਕ ਮੁੰਬਈ ਵਿੱਚ 3,137 ਖੁਰਾਕ ਅਦਾਰਿਆਂ ਦੀ ਜਾਂਚ ਦੌਰਾਨ 165 ਮੁਅੱਤਲੀਆਂ, 764 ਸੁਧਾਰ ਨੋਟਿਸ ਤੇ ਇਕ ਰੈਸਟੋਰੈਂਟ ਐਸੋਸੀਏਸ਼ਨ ਦੇ 8,000 ਮੈਂਬਰਾਂ ਵਿੱਚੋਂ ਅੱਧਿਆਂ ਨੂੰ ਆਪਣੀਆਂ ਰਸੋਈਆਂ ਦਾ ਨਵੀਨੀਕਰਨ ਕਰਨ ਲਈ ਕਿਹਾ ਹੈ।

## ਮਸਾਲਾ ਵਪਾਰ ਜਾਂਚ ਅਧੀਨ

ਭਾਰਤ ਕਰੀਬ 180 ਦੇਸ਼ਾਂ ਨੂੰ ਸਾਲਾਨਾ 4 ਅਰਬ ਡਾਲਰ ਤੋਂ ਵੱਧ ਦੇ 200 ਤੋਂ ਵੱਧ ਕਿਸਮਾਂ ਦੇ ਮਸਾਲੇ ਬਰਾਮਦ ਕਰਦਾ ਹੈ। ਪਰ ਅੰਤਰਰਾਸ਼ਟਰੀ ਚਿੰਤਾਵਾਂ ਨੇ ਭਰੋਸੇ ਨੂੰ ਠੇਸ ਪਹੁੰਚਾਈ ਹੈ : ਜਦੋਂ ਅਮਰੀਕੀ ਨਿਯਾਮਕਾਂ ਨੇ 2021 ਤੋਂ ਭਾਰਤੀ ਮਸਾਲਿਆਂ ਦੀਆਂ ਖੇਪਾਂ ਵਿੱਚੋਂ ਔਸਤਨ 14.5 ਫ਼ੀਸਦੀ ਨੂੰ ਰੱਦ ਕਰਨ ਦੀ ਦਰ ਦਾ ਝੰਡਾ ਚੁੱਕਿਆ ਹੈ, ਯੂਰਪੀਅਨ ਯੂਨੀਅਨ ਨੇ ਮਿਰਚ ਤੇ ਕਾਲੀ ਮਿਰਚ ਦੇ ਨਮੂਨਿਆਂ ਵਿੱਚ ਕੈਂਸਰ ਪੈਦਾ ਕਰਨ ਵਾਲਾ ਪਦਾਰਥ ਲੱਭਿਆ, ਜਦਕਿ ਸਿੰਗਾਪੁਰ ਤੇ ਹਾਂਗਕਾਂਗ ਨੇ ਸ਼ੱਕੀ ਐਥੀਲੀਨ ਆਕਸਾਈਡ ਦੂਸ਼ਣ ਕਾਰਨ ਵਿਕਰੀ ਮੁਅੱਤਲ ਕੀਤੀ ਹੈ। ਦਹਾਕਿਆਂ ਤੋਂ ਬਣੀ ਸਾਖ ਇਕ ਰਾਤ ਵਿੱਚ ਨੁਕਸਾਨੀ ਜਾਂਦੀ ਹੈ- ਹੁਣ ਬਹੁਤੇ ਪਰਿਵਾਰ ਬਾਜ਼ਾਰ 'ਤੇ ਭਰੋਸੇ ਦੀ ਘਾਟ ਦੇ ਚੱਲਦੇ ਘਰਾਂ ਵਿੱਚ ਮਸਾਲੇ ਪੀਸਣ ਲੱਗੇ ਹਨ।

## ਖ਼ਪਤਕਾਰ ਭਰੋਸਾ

ਭਾਰਤ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਅਸੁਰੱਖਿਅਤ ਭੋਜਨ ਦਾ ਜਲਦੀ ਪਤਾ ਲਗਾਉਣ ਤੇ ਵਾਪਸ ਮੰਗਾਉਣ ਦੀ ਅਸਮਰੱਥਾ ਹੈ। ਇਟਲੀ ਤੇ ਯੂ.ਕੇ. ਵਿੱਚ ਦਸਤਾਵੇਜ਼ੀ ਸਪਲਾਈ ਲੜੀਆਂ ਕੁਝ ਘੰਟਿਆਂ ਵਿੱਚ ਦੂਸ਼ਿਤ ਸਾਮਾਨ ਅਲਮਾਰੀਆਂ ਤੋਂ ਹਟਾ ਦਿੰਦੀਆਂ ਹਨ; ਜਦਕਿ ਭਾਰਤ ਵਿੱਚ ਸਰੋਤ ਦਾ ਪਤਾ ਲਗਾਉਣ ਵਿੱਚ ਹੀ ਮਹੀਨੇ ਲੱਗ ਜਾਂਦੇ ਹਨ। ਕਈ ਸ਼ਹਿਰੀ ਪਰਿਵਾਰ ਹਰ ਭਰੋਸੇਯੋਗ ਬ੍ਰਾਂਡਾਂ ਲਈ ਵੱਧ ਪੈਸੇ ਦਿੰਦੇ ਹਨ, ਭਾਰਤ ਦਾ ਆਰਗੈਨਿਕ ਭੋਜਨ ਬਾਜ਼ਾਰ 2033 ਤੱਕ 10.81 ਅਰਬ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ। ਵੱਡੀ ਗੰਭੀਰ ਚਿੰਤਾ ਭੋਜਨ ਨੂੰ ਸਿਹਤ ਲਈ ਸੁਰੱਖਿਅਤ ਬਣਾਉਣ ਅਤੇ ਅਸੁਰੱਖਿਅਤ ਭੋਜਨ ਲੋਕਾਂ ਦੀ ਥਾਲੀ ਤੱਕ ਪਹੁੰਚਣ ਤੋਂ ਪਹਿਲਾਂ ਰੋਕਣ ਦੀ ਹੈ।

## ਤਕਨਾਲੋਜੀ ਤੇ ਰੋਕਥਾਮ

ਭੋਜਨ ਸੁਰੱਖਿਆ ਨੂੰ ਇਕੱਲੇ ਅਚਾਨਕ ਜਾਂਚਾਂ ਦੀ ਬਜਾਏ ਡੇਟਾ 'ਤੇ ਵੱਧ ਭਰੋਸਾ ਕਰਨਾ ਚਾਹੀਦਾ ਹੈ। ਕਿਊਆਰ-ਕੋਡ ਟਰੇਸੇਬਿਲਟੀ, ਡਿਜੀਟਲ ਬੈਚ ਟਰੈਕਿੰਗ ਤੇ ਏਆਈ-ਸਹਾਇਕ ਜੋਖ਼ਮ ਪ੍ਰੋਫਾਈਲਿੰਗ, ਨਿਯਾਮਕਾਂ ਨੂੰ ਸਮੱਸਿਆਵਾਂ ਦੇ ਸੰਕਟ ਬਣਨ ਤੋਂ ਪਹਿਲਾਂ ਫੜਨ ਵਿੱਚ ਮਦਦ ਕਰ ਸਕਦੀਆਂ ਹਨ। ਪੰਜਾਬ ਵਰਗੇ ਵਧੇਰੇ ਅਨਾਜ ਉਤਪਾਦਨ ਵਾਲੇ ਰਾਜਾਂ ਵਿੱਚ ਤੇਜ਼ ਜਾਂਚ ਕਿੱਟਾਂ ਤੇ ਮੋਬਾਈਲ ਪ੍ਰਯੋਗਸ਼ਾਲਾਵਾਂ ਮਿਆਰੀ ਹੋਣੀਆਂ ਚਾਹੀਦੀਆਂ ਹਨ। ਪੰਜਾਬ ਨੂੰ ਭਾਰਤ ਦਾ 'ਭੋਜਨ ਕਟੋਰਾ' ਮੰਨਿਆ ਜਾਂਦਾ ਹੈ, ਜਿੱਥੇ ਕੀਟਨਾਸ਼ਕਾਂ ਦੀ ਵਧੇਰੇ ਵਰਤੋਂ, ਬਿਨਾਂ ਜਾਂਚ ਕੀਤੇ ਵੇਚੀਆਂ ਜਾਂਦੀਆਂ ਢਿੱਲੀਆਂ ਵਸਤਾਂ ਦੁੱਧ, ਪਨੀਰ ਤੇ ਮਠਿਆਈਆਂ ਤਿਉਹਾਰਾਂ ਦੇ ਸੀਜ਼ਨ ਵਿੱਚ ਮਿਲਾਵਟੀ ਹੋਣ ਬਾਰੇ ਚਿੰਤਾਵਾਂ ਬਣੀਆਂ ਰਹਿੰਦੀਆਂ ਹਨ। ਮੌਸਮੀ ਸੈਂਪਲਿੰਗ ਮੁਹਿੰਮਾਂ ਲਈ ਵੱਧ ਇਸਪੈਕਟਰਾਂ, ਬਿਹਤਰ ਲੈਬਾਂ ਤੇ ਤਕਨਾਲੋਜੀ-ਚਾਲਿਤ ਨਿਗਰਾਨੀ ਦੀ ਲੋੜ ਹੈ। ਇਨ੍ਹਾਂ ਉਪਾਵਾਂ ਨਾਲ ਪੰਜਾਬ ਆਪਣੀ ਖੇਤੀ ਤਾਕਤ ਨੂੰ ਵਿਸ਼ਵ-ਪੱਧਰੀ ਭੋਜਨ ਸੁਰੱਖਿਆ ਪ੍ਰਸ਼ਾਸਨ ਨਾਲ ਜੋੜ ਕੇ ਖ਼ੁਦ ਨੂੰ ਰਾਸ਼ਟਰੀ ਮਾਡਲ ਵਜੋਂ ਸਥਾਪਿਤ ਕਰ ਸਕਦਾ ਹੈ।



## ਅੱਗੇ ਦਾ ਰਾਹ

ਇਕੱਲੇ ਨਿਯਮ ਲਾਗੂ ਕਰਨ ਵਾਲੇ ਭੋਜਨ ਸੁਰੱਖਿਆ ਯਕੀਨੀ ਨਹੀਂ ਬਣਾ ਸਕਦੇ, ਇਸ ਲਈ ਸਰਕਾਰਾਂ, ਖੁਰਾਕ ਉਦਯੋਗ, ਕਿਸਾਨਾਂ, ਪ੍ਰਚੂਨ ਵਿਕਰੇਤਾਵਾਂ ਤੇ ਖਪਤਕਾਰਾਂ ਦੀ ਸਾਂਝੀ ਜ਼ਿੰਮੇਦਾਰੀ ਦੀ ਲੋੜ ਹੈ। ਪੰਜਾਬ ਜ਼ਿਲ੍ਹਾ-ਪੱਧਰੀ ਜਾਂਚ ਕੇਂਦਰ ਸਥਾਪਿਤ ਕਰਕੇ ਪਾਰਦਰਸ਼ੀ, ਟਰੇਸੇਬਲ ਸਪਲਾਈ ਲੜੀਆਂ ਬਣਾ ਕੇ ਮੋਹਰੀ ਭੂਮਿਕਾ ਨਿਭਾਅ ਸਕਦਾ ਹੈ। ਮਹਾਰਾਸ਼ਟਰ ਨੇ ਦਿਖਾਇਆ ਹੈ ਕਿ ਸਿਆਸੀ ਇੱਛਾਸ਼ਕਤੀ ਨਾਲ ਕੀ ਕੁਝ ਹੋ ਸਕਦਾ ਹੈ, ਐਫ. ਐਸ. ਐਸ. ਏ. ਆਈ. ਨੂੰ ਜਾਂਚਾਂ ਦੇ ਨਾਲ ਪਾਲਣਾ ਰਿਕਾਰਡਾਂ ਦਾ ਵੀ ਜਨਤਕ ਖੁਲਾਸਾ ਕਰਨਾ ਚਾਹੀਦਾ ਹੈ। ਨਿਯਮ ਲਾਗੂ ਕਰਨ ਵਾਲਿਆਂ ਨੂੰ ਹੁਣ ਕਦਮ ਚੁੱਕਣੇ ਚਾਹੀਦੇ ਹਨ ਤੇ ਖਪਤਕਾਰਾਂ ਨੂੰ ਉਨ੍ਹਾਂ ਤੋਂ ਜਵਾਬਦੇਹੀ ਮੰਗਣੀ ਚਾਹੀਦੀ ਹੈ। ਮੰਗ ਸਾਫ਼ ਹੈ ਭੋਜਨ ਸੁਰੱਖਿਆ ਲਾਗੂ ਕਰਨ ਨੂੰ ਸਰਗਰਮ, ਪਾਰਦਰਸ਼ੀ ਤੇ ਗੈਰ-ਸਮਝੌਤਾਯੋਗ ਬਣਾਓ। ਸੁਰੱਖਿਅਤ ਭੋਜਨ ਲੋਕਾਂ ਦੀ ਐਸ਼-ਆਰਾਮ ਲਈ ਹੀ ਨਹੀਂ ਸਗੋਂ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ।

**(ਲੇਖਕ ਕੈਬਨਿਟ ਮੰਤਰੀ ਦੇ ਦਰਜੇ ਨਾਲ ਪੰਜਾਬ ਆਰਥਿਕ ਨੀਤੀ ਤੇ ਯੋਜਨਾ ਬੋਰਡ ਦੇ ਚੇਅਰਮੈਨ ਵੀ ਹਨ)**

# ਵਧੇਰੇ ਮੁਨਾਫ਼ੇ ਲਈ ਬਾਗਾਂ ਵਿੱਚ ਅੰਤਰ ਫ਼ਸਲਾਂ ਦੀ ਕਾਸ਼ਤ

ਜਿਹੜੀਆਂ ਫ਼ਸਲਾਂ ਦੀ ਕਾਸ਼ਤ ਬਾਗ ਵਿੱਚ ਮੁੱਖ ਫ਼ਲਦਾਰ ਬੂਟਿਆਂ ਦੇ ਨਾਲ-ਨਾਲ ਕੀਤੀ ਜਾਵੇ, ਉਨ੍ਹਾਂ ਨੂੰ ਅੰਤਰ ਫ਼ਸਲਾਂ ਕਿਹਾ ਜਾਂਦਾ ਹੈ। ਅੰਤਰ ਫ਼ਸਲਾਂ ਨੂੰ ਇੱਕ ਨਿਸ਼ਚਿਤ ਸਮੇਂ ਤੱਕ ਹੀ ਬਾਗ ਵਿੱਚ ਉਗਾਇਆ ਜਾ ਸਕਦਾ ਹੈ ਤੇ ਜੇ ਅਜਿਹਾ ਨਾ ਕੀਤਾ ਜਾਵੇ ਤਾਂ ਇਹ ਫ਼ਲਦਾਰ ਬੂਟਿਆਂ ਨੂੰ ਨੁਕਸਾਨ ਪਹੁੰਚਾਉਣ ਲੱਗ ਪੈਂਦੀਆਂ ਹਨ। ਅੰਤਰ ਫ਼ਸਲਾਂ ਆਮ



ਤੌਰ 'ਤੇ ਬਾਗ ਦੇ ਫ਼ਲ ਦੇਣ ਤੋਂ ਪਹਿਲਾਂ ਵਾਲੇ ਸਮੇਂ ਉਗਾਈਆਂ ਜਾਂਦੀਆਂ ਹਨ। ਬਾਗ ਵਿੱਚ ਅੰਤਰਾਂ ਫ਼ਸਲਾਂ ਨੂੰ ਕਿੰਨੇ ਸਮੇਂ ਤੱਕ ਉਗਾਇਆ ਜਾਵੇ, ਇਹ ਬਾਗ ਵਿੱਚ ਲੱਗੇ ਬੂਟਿਆਂ ਦੀ ਕਿਸਮ ਅਤੇ ਉਨ੍ਹਾਂ ਦੀ ਉਮਰ 'ਤੇ ਨਿਰਭਰ ਕਰਦਾ ਹੈ। ਜੇ ਬਾਗ ਵੱਡੇ ਸ਼ਹਿਰਾਂ ਦੇ ਨੇੜੇ ਹਨ, ਜਿੱਥੇ ਮੰਡੀਕਰਨ ਅਤੇ ਪ੍ਰੋਸੈਸਿੰਗ ਦੀਆਂ ਆਧੁਨਿਕ ਸਹੂਲਤਾਂ ਹਨ, ਉੱਥੇ ਵੱਧ ਮੁੱਲ ਦੇਣ ਵਾਲੀਆਂ, ਜਲਦੀ ਖਰਾਬ ਹੋਣ ਵਾਲੀਆਂ, ਮਹਿੰਗੀਆਂ ਸਬਜ਼ੀਆਂ ਦੀ ਕਾਸ਼ਤ ਬਾਗਬਾਨ ਨੂੰ ਜ਼ਿਆਦਾ ਮੁਨਾਫ਼ਾ ਦਿੰਦੀ ਹੈ। ਨਵੇਂ ਬਾਗ ਲਾਉਣ ਤੋਂ ਕੁਝ ਸਾਲਾਂ ਤੱਕ ਮੁਨਾਫ਼ੇ ਦੀ ਉਮੀਦ ਨਹੀਂ ਹੁੰਦੀ ਪਰ ਇਨ੍ਹਾਂ ਸਾਲਾਂ ਦੌਰਾਨ ਬਾਗ ਵਿਚਕਾਰ ਖਾਲੀ ਥਾਂ 'ਤੇ ਕਈ ਕਿਸਮ ਦੀਆਂ ਅੰਤਰ ਫ਼ਸਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ ਅਤੇ ਅਜਿਹਾ ਕਰਨ ਨਾਲ ਚੰਗੀ ਆਮਦਨ ਹੋ ਸਕਦੀ ਹੈ।

**ਫ਼ਸਲਾਂ ਦੀ ਚੋਣ** : ਇਲਾਕੇ ਦਾ ਜਲਵਾਯੂ ਅਤੇ ਪੌਣ-ਪਾਣੀ ਅੰਤਰ ਫ਼ਸਲ ਦੀ ਚੋਣ ਲਈ ਮੁੱਖ ਭੂਮਿਕਾ ਨਿਭਾਉਂਦੇ ਹਨ। ਗਲਤ ਅੰਤਰ ਫ਼ਸਲ ਦੀ ਚੋਣ ਫ਼ਲਦਾਰ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸਬਜ਼ੀਆਂ ਦੀ ਬਾਗ ਵਿੱਚ ਕਾਸ਼ਤ ਕਰਕੇ ਆਮਦਨ ਦੇ ਨਾਲ-ਨਾਲ ਤਾਜ਼ੀਆਂ ਅਤੇ ਪੌਸ਼ਟਿਕ ਸਬਜ਼ੀਆਂ ਦਾ ਅਨੰਦ ਵੀ ਮਾਣਿਆ ਜਾ ਸਕਦਾ ਹੈ। ਅੰਤਰ ਫ਼ਸਲਾਂ ਦੀ ਕਾਸ਼ਤ ਸਮੇਂ ਮਜ਼ਦੂਰਾਂ ਦੀ ਉਪਲਬਧਤਾ ਅਤੇ ਢੋਆ-ਢੁਆਈ ਦੀਆਂ ਸਹੂਲਤਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ ਤਾਂ ਕਿ ਉਪਜ ਨੂੰ ਸਮੇਂ ਸਿਰ ਤੁੜਾਈ ਬਾਅਦ ਆਪਣੀ ਮੰਜ਼ਿਲ ਤੇ ਪਹੁੰਚਾਇਆ ਜਾਵੇ।

**ਅੰਤਰ ਫ਼ਸਲਾਂ ਉਗਾਉਣ ਦੇ ਲਾਭ**

**ਵਧੇਰੇ ਆਮਦਨ** : ਬਾਗ ਲਗਾਉਣ ਵੇਲੇ ਫ਼ਲਦਾਰ ਬੂਟੇ ਛੋਟੇ ਹੋਣ ਕਾਰਨ ਬੂਟੇ ਦੀਆਂ ਕਤਾਰਾਂ ਵਿਚਕਾਰ ਬਹੁਤ ਜਗ੍ਹਾ ਖਾਲੀ ਪਈ ਰਹਿ ਜਾਂਦੀ ਹੈ ਅਤੇ ਬੂਟਿਆਂ ਨੂੰ ਫ਼ਲ ਲੱਗਣ ਤੱਕ ਬਾਗਬਾਨਾਂ ਨੂੰ ਜ਼ਮੀਨ ਵਿੱਚੋਂ ਕੋਈ ਆਮਦਨ



ਨਹੀਂ ਹੁੰਦੀ। ਇਸ ਸਮੇਂ ਦੌਰਾਨ ਕਿਸਾਨ ਬਾਗ ਵਿੱਚ ਅੰਤਰ ਫ਼ਸਲਾਂ ਤੋਂ ਆਮਦਨ ਪ੍ਰਾਪਤ ਕਰ ਕੇ ਆਪਣੇ ਘਰ ਦਾ ਖ਼ਰਚ ਚਲਾ ਸਕਦੇ ਹਨ।

**ਪਾਣੀ ਤੇ ਖਾਦਾਂ ਦੀ ਵਰਤੋਂ** : ਜਦ ਬੂਟੇ ਛੋਟੇ ਹੁੰਦੇ ਹਨ ਤਾਂ ਸਿੰਜਾਈ ਵਾਲੇ ਪਾਣੀ ਅਤੇ ਪਾਈਆਂ ਹੋਈਆਂ ਖਾਦਾਂ ਦੀ ਪੂਰੀ ਵਰਤੋਂ ਨਹੀਂ ਕਰ ਸਕਦੇ। ਅਜਿਹੇ ਬੂਟਿਆਂ ਦੀਆਂ ਜੜ੍ਹਾਂ ਪਾਣੀ ਅਤੇ ਖਾਦਾਂ ਦਾ ਕੁਝ ਭਾਗ ਹੀ ਪ੍ਰਾਪਤ ਕਰ ਸਕਦੀਆਂ ਹਨ। ਅਜਿਹੀ ਅਵਸਥਾ ਵਿੱਚ ਬਾਕੀ ਦਾ ਹਿੱਸਾ ਵਿਅਰਥ ਚਲਾ ਜਾਂਦਾ ਹੈ। ਜੇਕਰ ਅੰਤਰ ਫ਼ਸਲਾਂ ਬਾਗ ਵਿੱਚ ਲਗਾਈਆਂ ਹੋਣ ਤਾਂ ਇਹ ਵਿਅਰਥ ਹਿੱਸਾ ਉਨ੍ਹਾਂ ਦੇ ਕੰਮ ਆ ਜਾਂਦਾ ਹੈ। ਜੇ ਅੰਤਰ ਫ਼ਸਲਾਂ ਦੀ ਕਾਸ਼ਤ ਨਾਲ ਪਾਣੀ ਅਤੇ ਖਾਦਾਂ ਦਾ ਸਹੀ ਉਪਯੋਗ ਕੀਤਾ ਜਾ ਸਕਦਾ ਹੈ।

**ਨਦੀਨਾਂ ਦੀ ਰੋਕਥਾਮ** : ਬਾਗਾਂ ਵਿੱਚ ਨਦੀਨਾਂ ਦੀ ਬਹੁਤ ਵੱਡੀ ਸਮੱਸਿਆ ਹੈ। ਇਹ ਨਦੀਨ ਭੂਮੀ ਵਿੱਚੋਂ ਜ਼ਰੂਰੀ ਖ਼ੁਰਾਕੀ ਤੱਤ ਖਿਚਦੇ ਹਨ। ਇਸ ਤੋਂ ਇਲਾਵਾ ਇਹ ਕਈ ਪ੍ਰਕਾਰ ਦੇ ਕੀੜਿਆਂ ਅਤੇ ਬਿਮਾਰੀਆਂ ਦੇ ਵਧੇ ਵਿੱਚ ਸਹਾਈ ਹੁੰਦੇ ਹਨ। ਜੇਕਰ ਬੂਟਿਆਂ ਵਿਚਕਾਰ ਖਾਲੀ ਪਈ ਜਗ੍ਹਾ 'ਤੇ ਕਿਸੇ ਅੰਤਰ ਫ਼ਸਲ ਦੀ ਕਾਸ਼ਤ ਕੀਤੀ ਜਾਵੇ ਤਾਂ ਨਦੀਨਾਂ ਦੀ ਸਮੱਸਿਆ ਤੋਂ ਮੁਕਤੀ ਪਾਈ ਜਾ ਸਕਦੀ ਹੈ।

**ਭੂਮੀ ਦੀ ਉਪਜਾਊ ਸ਼ਕਤੀ** : ਫ਼ਲੀਦਾਰ ਅੰਤਰ ਫ਼ਸਲਾਂ ਜਿਵੇਂ ਮੂੰਗੀ, ਮਾਂਹ, ਛੋਲੇ, ਮਟਰ ਅਤੇ ਸੇਂਜੀ ਬਾਗ ਦੀ ਭੂਮੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਦੀਆਂ ਹਨ। ਇਨ੍ਹਾਂ ਫ਼ਸਲਾਂ ਤੋਂ ਡਿਗਣ ਵਾਲੇ ਪੱਤਿਆਂ ਨਾਲ ਵੀ ਭੂਮੀ ਦੀ ਉਪਜਾਊ ਸ਼ਕਤੀ ਵਧਦੀ ਹੈ। ਇਨ੍ਹਾਂ ਫ਼ਲੀਦਾਰ ਫ਼ਸਲਾਂ ਦੀਆਂ ਜੜ੍ਹਾਂ ਵਿੱਚ ਇੱਕ ਖ਼ਾਸ ਕਿਸਮ ਦੀਆਂ ਗੰਢਾਂ ਹੁੰਦੀਆਂ ਹਨ, ਜੋ ਹਵਾ ਵਿੱਚੋਂ ਨਾਈਟਰੋਜਨ ਪ੍ਰਾਪਤ ਕਰਕੇ ਜ਼ਮੀਨ ਵਿਚ ਛੱਡਦੀਆਂ ਹਨ।

**ਮਿੱਟੀ ਨੂੰ ਬੰਨ੍ਹ ਕੇ ਰੱਖਣਾ** : ਜੇ ਬਾਗ ਵਿੱਚ ਅੰਤਰ ਫ਼ਸਲਾਂ ਲੱਗੀਆਂ ਹੋਣ ਤਾਂ ਇਹ ਮਿੱਟੀ ਨੂੰ ਬੰਨ੍ਹ ਕੇ ਰੱਖਦੀਆਂ ਹਨ ਅਤੇ ਮਿੱਟੀ ਰੁੜ੍ਹਨ ਤੋਂ ਬਚਾਉਂਦੀਆਂ ਹਨ। ਜਿਹੜੇ ਇਲਾਕੇ ਦੀ ਭੂਮੀ ਉੱਚੀ ਨੀਵੀਂ ਹੋਵੇ, ਉੱਥੇ ਬਾਰਿਸ਼ ਦੇ ਪਾਣੀ ਨਾਲ ਮਿੱਟੀ ਰੁੜ੍ਹਨ ਦੀ ਬਹੁਤ ਵੱਡੀ ਸਮੱਸਿਆ ਆਉਂਦੀ ਹੈ, ਜਿਸ ਨਾਲ ਜ਼ਮੀਨ ਵਿਚਲੇ ਖ਼ੁਰਾਕੀ ਤੱਤ ਵੀ ਰੁੜ੍ਹ ਜਾਂਦੇ ਹਨ।

**ਧਿਆਨ ਰੱਖਣਯੋਗ ਗੱਲਾਂ**

ਅੰਤਰ ਫ਼ਸਲਾਂ ਨੂੰ ਇੱਕ ਨਿਸ਼ਚਿਤ ਸਮੇਂ ਤੱਕ ਹੀ ਬਾਗ ਵਿੱਚ ਉਗਾਇਆ ਜਾ ਸਕਦਾ ਹੈ।

ਜ਼ਿਆਦਾਤਰ ਫ਼ਲੀਦਾਰ ਫ਼ਸਲਾਂ ਅੰਤਰ ਫ਼ਸਲਾਂ ਵਜੋਂ ਲਾਉਣੀਆਂ ਚਾਹੀਦੀਆਂ ਹਨ ਕਿਉਂਕਿ ਆਮਦਨ ਤੋਂ ਇਲਾਵਾ ਇਹ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੀਆਂ ਹਨ। ਉੱਚੇ ਕੱਦ ਵਾਲੀਆਂ ਫ਼ਸਲਾਂ ਜਿਵੇਂ ਗੰਨਾ, ਚਰ੍ਹੀ, ਬਾਜਰਾ ਨਹੀਂ ਉਗਾਉਣੀਆਂ ਚਾਹੀਦੀਆਂ ਕਿਉਂਕਿ ਇਹ ਰੋਸ਼ਨੀ ਲੈਣ ਲਈ ਮੁਕਾਬਲਾ ਕਰਦੀਆਂ ਹਨ। ਵੱਧ ਖ਼ੁਰਾਕ ਲੈਣ ਵਾਲੀਆਂ ਫ਼ਸਲਾਂ ਜਿਵੇਂ ਕਪਾਹ, ਬਰਸੀਮ ਆਦਿ ਨਾ ਬੀਜੋ ਕਿਉਂਕਿ ਇਹ ਫ਼ਸਲਾਂ ਜ਼ਮੀਨ ਵਿਚਲੇ ਤੱਤ ਵੱਡੀ ਮਿਕਦਾਰ ਵਿੱਚ ਖਿੱਚ ਲੈਂਦੀਆਂ ਹਨ। ਫ਼ਲਦਾਰ ਬੂਟਿਆਂ ਅਤੇ ਬੀਜੀਆਂ ਅੰਤਰ ਫ਼ਸਲਾਂ ਦੀ ਵਾਹੀ ਦਾ ਵੱਖ-ਵੱਖ ਪ੍ਰਬੰਧ ਰੱਖੋ।

ਫ਼ਲਦਾਰ ਅਤੇ ਅੰਤਰ ਫ਼ਸਲਾਂ ਦੀ ਸਿੰਜਾਈ ਦਾ ਪ੍ਰਬੰਧ ਵੱਖਰਾ-ਵੱਖਰਾ ਹੋਣਾ ਚਾਹੀਦਾ ਹੈ ਤਾਂ ਜੋ ਲੋੜ ਅਨੁਸਾਰ ਵੱਖ-ਵੱਖ ਸਮੇਂ ਤੇ ਪਾਣੀ ਦਿੱਤਾ ਜਾ ਸਕੇ।

ਇਸ ਅੰਤਰ ਫ਼ਸਲ ਦੀ ਕਾਸ਼ਤ ਕਰਨੀ ਹੋਵੇ, ਉਸ ਨੂੰ ਲੋੜ ਅਨੁਸਾਰ ਵਾਧੂ ਖਾਦ ਪਾਉਣੀ ਚਾਹੀਦੀ ਹੈ।

ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਲੋੜ ਅਨੁਸਾਰ ਫ਼ਲਦਾਰ ਅਤੇ ਅੰਤਰ ਫ਼ਸਲਾਂ 'ਤੇ ਵੱਖ-ਵੱਖ ਕਰੋ।

**ਬਾਗ ਲਈ ਸਿਫ਼ਾਰਸ਼ ਅੰਤਰ ਫ਼ਸਲਾਂ**

| ਫ਼ਲ | ਕਾਸ਼ਤ ਲਈ ਸਮਾਂ | ਸਿਫ਼ਾਰਸ਼ ਅੰਤਰ ਫ਼ਸਲਾਂ |
|---|---|---|
| ਨਿੰਬੂ ਜਾਤੀ<br>ਮਾਲਟੇ ਲਈ | 4 ਸਾਲ<br>5-6 ਸਾਲ | ਗੁਆਰਾ (ਹਰੀ ਖਾਦ), ਮੂੰਗੀ, ਮਾਂਹ, ਛੋਲੇ, ਗੁਆਰਾ, ਮਟਰ ਮਾਲਟੇ ਲਈ ਗੁਆਰਾ (ਹਰੀ ਖਾਦ)- ਕਣਕ ਫ਼ਸਲੀ ਚੱਕਰ ਨਾਲ |
| ਅਮਰੂਦ | 3-4 ਸਾਲ ਤੱਕ | ਸਬਜ਼ੀਆਂ-ਮੂਲੀ ਗਾਜਰ, ਭਿੰਡੀ, ਬੈਂਗਣ ਫਲੀਦਾਰ ਫ਼ਸਲਾਂ-ਲੋਬੀਆ, ਗੁਆਰਾ, ਛੋਲੇ, ਬੀਨਜ਼ ਆਦਿ |
| ਬੇਰ | 3-4 ਸਾਲ | ਸਿਰਫ਼ ਫ਼ਲੀਦਾਰ ਫ਼ਸਲਾਂ-ਛੋਲੇ, ਮੂੰਗੀ, ਮਾਂਹ ਆਦਿ |
| ਅੰਬ | 3-7 ਸਾਲ | ਸਬਜ਼ੀਆਂ-ਪਿਆਜ਼, ਟਮਾਟਰ, ਮੂਲੀ, ਭਿੰਡੀ, ਗੋਭੀ, ਬੰਦ ਗੋਭੀ, ਬੀਨਜ਼ ਪੱਤਿਆਂ ਵਾਲੀਆਂ ਸਬਜ਼ੀਆਂ ਤੇ ਫ਼ਲੀਦਾਰ ਫ਼ਸਲਾਂ ਜਿਵੇਂ ਮੂੰਗੀ, ਮਾਂਹ, ਛੋਲੇ ਤੇ ਮਸਰ |
| ਨਾਖ਼ | ਫ਼ਲ ਲੱਗਣ ਤੋਂ ਪਹਿਲਾਂ | ਮੂੰਗੀ, ਮਾਂਹ, ਛੋਲੇ, ਸੇਂਜੀ, ਮਟਰ |
| ਲੀਚੀ | 10 ਸਾਲ | ਫ਼ਲ : ਆੜੂ ਅਤੇ ਅਲੂਚਾ, ਦਾਲਾਂ, ਸਬਜ਼ੀਆਂ |

**ਸਵਰੀਤ ਖਹਿਰਾ, ਨਰਿੰਦਰਪਾਲ ਸਿੰਘ, ਗੁਰਮੀਤ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ**

# ਸਿਹਤ ਅਤੇ ਸੁੰਦਰਤਾ ਦਾ ਸਾਥੀ - ਪਪੀਤਾ



ਪਪੀਤੇ ਦਾ ਵਿਗਿਆਨਕ ਨਾਂਅ ਕੈਰਿਕਾ ਪਪਾਇਆ (Carica papaya) ਹੈ। ਪਪੀਤੇ ਦੇ ਫ਼ਲ ਵਿੱਚ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਵਿਟਾਮਿਨ ਏ, ਬੀ, ਸੀ ਅਤੇ ਪੋਟਾਸ਼ੀਅਮ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਇਹ ਸਵਾਦ ਭਰਪੂਰ ਫ਼ਲ ਹੋਣ ਦੇ ਨਾਲ-ਨਾਲ ਇੱਕ ਮਹੱਤਵਪੂਰਨ ਔਸ਼ਧੀ ਵੀ ਹੈ। ਹੋਮਿਓਪੈਥੀ ਵਿੱਚ ਕੈਰਿਕਾ ਪਪਾਇਆ (Carica papaya) ਨਾਂਅ ਦੀ ਦਵਾਈ ਇਸ ਤੋਂ ਤਿਆਰ ਕੀਤੀ ਜਾਂਦੀ ਹੈ, ਜਿਸ ਨੂੰ ਪਾਚਣਤੰਤਰ ਨੂੰ ਦਰੁੱਸਤ ਕਰਨ, ਕਬਜ਼ ਦੇ ਇਲਾਜ ਅਤੇ ਡੇਂਗੂ ਕਾਰਨ ਘਟੇ ਸੈੱਲਾਂ ਨੂੰ ਵਧਾਉਣ ਲਈ ਵਰਤਿਆ ਜਾਂਦਾ ਹੈ।

ਪਪੀਤੇ ਦਾ ਫ਼ਲ ਭੋਜਨ ਨਾਲੀ ਦੀਆਂ ਆਂਤੜੀਆਂ ਦੀ ਸੋਜ ਅਤੇ ਕਬਜ਼ ਦੂਰ ਕਰਨ ਲਈ ਗੁਣਕਾਰੀ ਮੰਨਿਆ ਜਾਂਦਾ ਹੈ। ਇਹ ਪਾਚਣ ਤੰਤਰ, ਭਾਰ ਘਟਾਉਣ ਅਤੇ ਭੋਜਨ ਨਾਲੀ ਦੇ ਅਲਸਰ ਲਈ ਲਾਭਕਾਰੀ ਹੁੰਦਾ ਹੈ। ਖਮੀਰਿਆ ਹੋਏ ਪਪੀਤੇ ਦੇ ਫ਼ਲ ਦਾ ਅਰਕ ਸਰੀਰ ਵਿੱਚ ਮਾੜੀ ਚਰਬੀ ਘਟਾਉਂਦਾ ਹੈ ਅਤੇ ਚੰਗੀ ਚਰਬੀ ਵਧਾਉਂਦਾ ਹੈ ਅਤੇ ਇਸ ਤਰ੍ਹਾਂ ਦਿਲ ਨੂੰ ਰੋਗਾਂ ਤੋਂ ਬਚਾ ਕੇ ਰੱਖਦਾ ਹੈ। ਪਪੀਤੇ ਦੇ ਫਲ ਵਿੱਚ ਕਾਫ਼ੀ ਮਾਤਰਾ ਵਿੱਚ ਬੀਟਾ ਕੈਰੋਟੀਨ (Beta Carotene) ਮਿਲਦਾ ਹੈ ਜਿਸ ਤੋਂ ਸਾਡਾ ਸਰੀਰ ਵਿਟਾਮਿਨ ਏ ਤਿਆਰ ਕਰ ਲੈਂਦਾ ਹੈ। ਇਹ ਸਾਡੀਆਂ ਅੱਖਾਂ ਲਈ ਬਹੁਤ ਫਾਇਦੇਮੰਦ ਹੈ। ਇਸ ਵਿੱਚ ਪਾਇਆ ਜਾਂਦਾ ਆਕਸੀਕਰਨ ਰੋਧਕ ਤੱਤ ਲਾਈਕੋਪੀਨ (Lycopene) ਸਰੀਰ, ਵਿਸ਼ੇਸ਼ ਕਰਕੇ ਮਰਦਾਂ ਨੂੰ ਗਦੂਦਾਂ ਅਤੇ ਔਰਤਾਂ ਨੂੰ ਛਾਤੀ ਦੇ ਕੈਂਸਰ ਤੋਂ ਬਚਾ ਕੇ ਰੱਖਦਾ ਹੈ। ਲਾਈਕੋਪੀਨ ਅਤੇ ਵਿਟਾਮਿਨ ਸੀ ਦਾ ਮਿਸ਼ਰਣ ਸਰੀਰ ਵਿੱਚ ਕਮਾਲ ਕਰਦਾ ਹੈ ਜੋ ਸਰੀਰ ਨੂੰ ਮੁਕਤ ਕਣਾਂ ਅਤੇ ਕੈਂਸਰ ਤੋਂ ਬਚਾ ਕੇ ਰੱਖਦਾ ਹੈ। ਇਹ ਚਮੜੀ ਤੋਂ ਝੁਰੜੀਆਂ ਘਟਾਉਂਦਾ ਹੈ ਅਤੇ ਚਮੜੀ ਨੂੰ ਚਮਕਦਾਰ ਅਤੇ ਨਰੋਆ ਰੱਖਣ ਵਿੱਚ ਸਹਾਇਕ ਹੁੰਦਾ ਹੈ ਅਤੇ ਬੁਢਾਪਾ ਵਿਰੋਧੀ ਹੈ। ਪਪੀਤੇ ਦੇ ਕੱਚੇ ਫ਼ਲ ਦੇ ਦੁੱਧ (Latex) ਦੀਆਂ 15 ਬੂੰਦਾਂ ਕੇਲੇ ਨੂੰ ਚੀਰ ਕੇ ਉਸ ਵਿੱਚ ਪਾ ਕੇ ਖਾਣਾ ਸਰੀਰ ਦੀਆਂ ਗੰਢਾਂ ਨੂੰ ਖੋਰਨ ਅਤੇ ਕੈਂਸਰ ਦੇ ਇਲਾਜ ਲਈ ਫਾਇਦੇਮੰਦ ਮੰਨਿਆ ਜਾਂਦਾ ਹੈ। ਕੱਚੇ ਪਪੀਤੇ ਦਾ ਦੁੱਧ ਚਿਹਰੇ ਦੀਆਂ ਦਵਾਈਆਂ ਅਤੇ ਕ੍ਰੀਮਾਂ ਲਈ ਵੀ ਵਰਤਿਆ ਜਾਂਦਾ ਹੈ।

ਪਪੀਤੇ ਦੀ 6-7 ਗ੍ਰਾਮ ਜੜ੍ਹ ਅਤੇ 3-4 ਕਾਲੀਆਂ ਮਿਰਚਾਂ ਨੂੰ ਘੋਟ ਕੇ ਫਿਰ ਪਾਣੀ ਵਿੱਚ ਘੋਲ ਕੇ ਸਵੇਰੇ ਖਾਲੀ ਪੇਟ ਪੀਣ ਨਾਲ ਗੁਰਦੇ ਅਤੇ ਪਿੱਤੇ ਦੀ ਪੱਥਰੀ ਨਿਕਲਦੀ ਹੈ। ਇਹ ਸਰੀਰ ਵਿੱਚੋਂ ਵਿਸ਼ੈਲੇ ਪਦਾਰਥ ਵੀ ਬਾਹਰ ਕੱਢਦਾ ਹੈ। ਇਸ ਦੇ ਪੱਤਿਆਂ ਦਾ ਕਾੜ੍ਹਾ ਜਾਂ ਰਸ ਪੀਣ ਨਾਲ ਡੇਂਗੂ ਕਾਰਨ ਘਟੇ ਸੈੱਲ (Platelets) ਵਧਦੇ ਹਨ, ਔਰਤਾਂ ਵਿੱਚ ਮਹਾਂਵਾਰੀ ਸਾਫ਼ ਅਤੇ ਨਿਯਮਤ ਹੁੰਦੀ ਹੈ ਅਤੇ ਬੱਚੇਦਾਨੀ ਦੀਆਂ ਗੰਢਾਂ (Cyst and Fibroid) ਠੀਕ ਹੁੰਦੀਆਂ ਹਨ। ਪਪੀਤੇ ਵਿੱਚ ਪੈਪੇਨ (Papain) ਨਾਮਕ ਕੁਦਰਤੀ ਐਨਜ਼ਾਈਮ ਹੁੰਦਾ ਹੈ ਜੋ ਕਿ ਪ੍ਰੋਟੀਨ ਤੇ ਪਚਣ ਵਿੱਚ ਸਹਾਇਕ ਹੁੰਦਾ ਹੈ। ਪੈਪੇਨ ਦੇ ਕਾਰਨ ਪਪੀਤੇ ਨੂੰ ਪੁਰਾਣੇ ਸਮਿਆਂ ਤੋਂ ਮੀਟ ਦੇ ਸ਼ੌਕੀਨਾਂ ਵਲੋਂ ਮੀਟ ਨੂੰ ਨਰਮ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਪਪੀਤੇ ਦੇ ਬੀਜ ਜਿਗਰ ਵਿੱਚੋਂ ਵਿਸ਼ੈਲੇ ਪਦਾਰਥ ਕੱਢਦੇ ਹਨ।

ਗਰਭਵਤੀ ਇਸਤਰੀਆਂ ਨੂੰ ਕੱਚਾ ਜਾਂ ਅੱਧ ਪੱਕਿਆ ਪਪੀਤਾ ਨਹੀਂ ਖਾਣਾ ਚਾਹੀਦਾ। ਦਿਲ ਦੀ ਅਨਿਯਮਿਤ ਧੜਕਣ ਦੇ ਮਰੀਜ਼ਾਂ ਨੂੰ ਪਪੀਤਾ ਡਾਕਟਰ ਦੀ ਸਲਾਹ ਨਾਲ ਹੀ ਖਾਣਾ ਚਾਹੀਦਾ ਹੈ। ਕਈ ਲੋਕਾਂ ਨੂੰ ਪੈਪੇਨ ਜਾਂ ਪਪੀਤੇ ਦੇ ਦੁੱਧ ਤੋਂ ਐਲਰਜੀ ਹੋ ਸਕਦੀ ਹੈ, ਉਨ੍ਹਾਂ ਨੂੰ ਪਪੀਤਾ ਨਹੀਂ ਖਾਣਾ ਚਾਹੀਦਾ। ਘੱਟ ਥਾਇਰਾਇਡ (Hypothyroidism) ਦੇ ਮਰੀਜ਼ਾਂ ਅਤੇ ਗੁਰਦੇ ਦੀ ਪੱਥਰੀ ਦੇ ਮਰੀਜ਼ਾਂ ਨੂੰ ਪਪੀਤਾ ਹਾਨੀਕਾਰਕ ਹੋ ਸਕਦਾ ਹੈ। ਪਪੀਤੇ ਦੇ ਨਾਲ ਅਤੇ ਤੁਰੰਤ ਬਾਅਦ ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ।

**ਮਨਦੀਪ ਸਿੰਘ ਲਾਚੋਵਾਲ**
ਮੋ. 85588-31900

# ਜ਼ਹਿਰ-ਮੁਕਤ ਖੇਤੀ ਵੱਲ ਮੋੜਾ

ਵਿੰਕਲਜੀਤ ਸਿੰਘ ਸਰਾ, ਮੋ. 950 14-77889

**ਸਰਕਾਰ ਤੇ ਖੇਤੀਬਾੜੀ ਯੂਨੀਵਰਸਿਟੀਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਕਿਸਾਨਾਂ ਤੱਕ ਘੱਟ ਜ਼ਹਿਰੀਲੇ ਬਦਲ ਪਹੁੰਚਾਉਣ । ਏਕੀਕ੍ਰਿਤ ਕੀਟ ਪ੍ਰਬੰਧਨ ਪ੍ਰਣਾਲੀ ਨੂੰ ਖੋਜ ਪੱਤਰਾਂ ਵਿੱਚੋਂ ਖੇਤਾਂ ਤੱਕ ਲਿਜਾਣਾ ਪਵੇਗਾ...**

ਭਾਰਤੀ ਖੇਤੀ ਦੇ ਇਤਿਹਾਸ ਵਿੱਚ ਕੀਟਨਾਸ਼ਕਾਂ ਅਤੇ ਰਸਾਇਣਾਂ ਦੀ ਵਰਤੋਂ ਲੰਮੇ ਸਮੇਂ ਤੋਂ ਫ਼ਸਲਾਂ ਨੂੰ ਬਿਮਾਰੀਆਂ ਅਤੇ ਕੀੜਿਆਂ ਤੋਂ ਬਚਾਉਣ ਦਾ ਇੱਕ ਪ੍ਰਮੁੱਖ ਹਥਿਆਰ ਰਹੀ ਹੈ । ਹਰੀ ਕ੍ਰਾਂਤੀ ਦੇ ਦੌਰ ਤੋਂ ਸ਼ੁਰੂ ਹੋਈ ਰਸਾਇਣਿਕ ਖੇਤੀ ਨੇ ਦੇਸ਼ ਨੂੰ ਅੰਨ ਸੰਕਟ ਵਿੱਚੋਂ ਕੱਢ ਕੇ ਆਤਮ-ਨਿਰਭਰ ਜ਼ਰੂਰ ਬਣਾਇਆ, ਪਰ ਸਮੇਂ ਦੇ ਨਾਲ ਇਸ ਪਹੁੰਚ ਨੇ ਖੇਤੀ ਵਾਤਾਵਰਨ ਅਤੇ ਮਨੁੱਖੀ ਜੀਵਨ ਉੱਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ । ਜਦੋਂ ਫ਼ਸਲ ਬਚਾਉਣ ਲਈ ਵਰਤਿਆ ਜਾਣ ਵਾਲਾ ਰਸਾਇਣ ਹੀ ਜ਼ਮੀਨ, ਹਵਾ, ਪਾਣੀ, ਮਿੱਤਰ ਕੀੜਿਆਂ ਤੇ ਮਨੁੱਖੀ ਸਿਹਤ ਲਈ ਘਾਤਕ ਬਣਨ ਲੱਗੇ, ਤਾਂ ਅਜਿਹੀ ਤਕਨੀਕ 'ਤੇ ਮੁੜ ਵਿਚਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ । ਇਸੇ ਪਿਛੋਕੜ ਵਿੱਚ ਕੇਂਦਰ ਸਰਕਾਰ ਵੱਲੋਂ ਝੋਨੇ, ਕਪਾਹ ਤੇ ਬਾਗਬਾਨੀ ਫ਼ਸਲਾਂ ਵਿੱਚ ਵਿਆਪਕ ਤੌਰ 'ਤੇ ਵਰਤੇ ਜਾਣ ਵਾਲੇ ਕੀਟਨਾਸ਼ਕ ਕਾਰਬੋਸਲਫਾਨ ਉੱਤੇ ਦੇਸ਼-ਪੱਧਰੀ ਪਾਬੰਦੀ ਲਗਾਉਣ ਦੀ ਤਜ਼ਵੀਜ਼ ਸਾਹਮਣੇ ਆਈ ਹੈ । ਇਹ ਕਦਮ ਭਾਰਤੀ ਖੇਤੀ ਨੂੰ ਜ਼ਹਿਰੀਲੇ ਰਸਾਇਣਾਂ ਦੇ ਚੱਕਰਵਿਊ ਵਿੱਚੋਂ ਕੱਢ ਕੇ ਵਾਤਾਵਰਨ ਪੱਖੀ ਅਤੇ ਟਿਕਾਊ ਦਿਸ਼ਾ ਵੱਲ ਤੋਰਨ ਦਾ ਇੱਕ ਸਪੱਸ਼ਟ ਸੰਕੇਤ ਹੈ ।

**ਖੇਤੀਬਾੜੀ ਸਿਰਫ਼ ਜ਼ਮੀਨ ਵਿੱਚੋਂ ਫ਼ਸਲ ਉਗਾਉਣ ਦਾ ਨਾਮ ਨਹੀਂ ਹੈ, ਸਗੋਂ ਖੇਤ ਆਪਣੇ ਆਪ ਵਿੱਚ ਇੱਕ ਪੂਰਨ ਅਤੇ ਸੰਤੁਲਿਤ ਕੁਦਰਤੀ ਜੀਵ-ਤੰਤਰ ਹੁੰਦਾ ਹੈ । ਇਸ ਜੀਵ-ਤੰਤਰ ਵਿੱਚ ਮਿੱਟੀ ਦੇ ਸੂਖਮ ਜੀਵ, ਮਿੱਤਰ ਕੀੜੇ, ਪੰਛੀ, ਤਿੱਤਲੀਆਂ ਅਤੇ ਮਧੂ-ਮੱਖੀਆਂ ਬਰਾਬਰ ਦੀ ਭੂਮਿਕਾ ਨਿਭਾਉਂਦੇ ਹਨ । ਰਜਿਸਟ੍ਰੇਸ਼ਨ ਕਮੇਟੀ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕਾਰਬੋਸਲਫਾਨ ਗੈਰ-ਨਿਸ਼ਾਨਾ ਪ੍ਰਜਾਤੀਆਂ ਭਾਵ ਉਨ੍ਹਾਂ ਜੀਵਾਂ ਲਈ ਬੇਹੱਦ ਘਾਤਕ ਹੈ, ਜਿਨ੍ਹਾਂ ਨੂੰ ਮਾਰਨਾ ਮਕਸਦ ਨਹੀਂ ਹੁੰਦਾ । ਪਾਣੀ ਦੇ ਸੋਮਿਆਂ ਵਿੱਚ ਘੁਲ ਕੇ ਇਹ ਮੱਛੀਆਂ ਅਤੇ ਹੋਰ ਜਲ-ਜੀਵਾਂ ਦਾ ਨਾਸ਼ ਕਰਦਾ ਹੈ ਅਤੇ ਪੰਛੀਆਂ ਦੀ ਪ੍ਰਜਨਨ ਸਮਰੱਥਾ ਨੂੰ ਘਟਾਉਂਦਾ ਹੈ । ਭਾਰਤ ਵਿੱਚ ਖੋਜਕਰਤਾਵਾਂ ਵੱਲੋਂ ਕੀਤੇ ਗਏ ਪ੍ਰਯੋਗਾਂ ਦੌਰਾਨ ਇਹ ਸਿੱਧ ਹੋਇਆ ਹੈ ਕਿ ਬੈਂਗਣ ਅਤੇ ਹੋਰ ਫ਼ਸਲਾਂ 'ਤੇ ਸਿਫ਼ਾਰਸ਼ੀ ਮਾਤਰਾ ਅਨੁਸਾਰ ਛਿੜਕਾਅ ਕਰਨ ਦੇ ਚੌਵੀ ਘੰਟਿਆਂ ਦੇ ਅੰਦਰ ਹੀ ਮਧੂ-ਮੱਖੀਆਂ ਵਿੱਚ ਭਾਰੀ ਮੌਤ ਦਰ ਦਰਜ ਕੀਤੀ ਗਈ । ਮਧੂ-ਮੱਖੀਆਂ ਖੇਤੀਬਾੜੀ ਵਿੱਚ ਪਰਾਗਣ ਦੀ ਸਭ ਤੋਂ ਮਹੱਤਵਪੂਰਣ ਕੜੀ ਹਨ ।**

## ਪਾਬੰਦੀ ਦਾ ਪਿਛੋਕੜ ਤੇ ਸਰਕਾਰੀ ਪ੍ਰਕਿਰਿਆ

ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰਾਲੇ ਨੇ ਦੇਸ਼ ਵਿੱਚ ਕਾਰਬੋਸਲਫਾਨ ਦੀ ਵਰਤੋਂ ਦੀ ਨਿਰੰਤਰ ਤੇ ਇਸ ਦੇ ਪ੍ਰਭਾਵਾਂ ਦੀ ਗੰਭੀਰਤਾ ਨਾਲ ਜਾਂਚ ਕਰਨ ਲਈ 14 ਜਨਵਰੀ ਨੂੰ ਇੱਕ ਉੱਚ-ਪੱਧਰੀ ਮਾਹਿਰ-ਕਮੇਟੀ ਗਠਿਤ ਕੀਤੀ ਸੀ । ਇਸ ਕਮੇਟੀ ਨੇ ਕਾਰਬੋਸਲਫਾਨ ਸਬੰਧੀ ਉਪਲਬਧ ਸਾਰੇ ਵਿਗਿਆਨਕ ਅਧਿਐਨਾਂ, ਪ੍ਰਯੋਗਸ਼ਾਲਾਂ ਅੰਕੜਿਆਂ ਅਤੇ ਸੁਰੱਖਿਆ ਮਾਪਦੰਡਾਂ ਦੀ ਪੜਤਾਲ ਕਰਨ ਮਗਰੋਂ ਬਾਰਾਂ ਜੂਨ ਨੂੰ ਆਪਣੀ ਵਿਸਥਾਰਤ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ । ਰਿਪੋਰਟ ਵਿੱਚ ਇਸ ਕੀਟਨਾਸ਼ਕ ਨੂੰ ਮਨੁੱਖ ਅਤੇ ਕੁਦਰਤੀ ਜੀਵ-ਵਿਵਿਧਤਾ ਲਈ ਅਤਿਅੰਤ ਖ਼ਤਰਨਾਕ ਮੰਨਦਿਆਂ ਇਸ 'ਤੇ ਮੁਕੰਮਲ ਰੋਕ ਲਗਾਉਣ ਦੀ ਸਿਫ਼ਾਰਿਸ਼ ਕੀਤੀ ਗਈ । ਇਸ ਰਿਪੋਰਟ ਤੋਂ ਬਾਅਦ ਕੀਟਨਾਸ਼ਕ ਕਾਨੂੰਨ, 1968 ਤਹਿਤ ਸਥਾਪਿਤ ਰਜਿਸਟ੍ਰੇਸ਼ਨ ਕਮੇਟੀ ਨਾਲ ਸਲਾਹ-ਮਸ਼ਵਰਾ ਕੀਤਾ ਗਿਆ, ਜਿਸ ਨੇ ਵੀ ਇਸ ਸਿਫ਼ਾਰਸ਼ ਦੀ ਪੁਸ਼ਟੀ ਕੀਤੀ । ਇਸੇ ਆਧਾਰ 'ਤੇ ਕੇਂਦਰ ਸਰਕਾਰ ਨੇ 21 ਅਗਸਤ ਨੂੰ ਨੋਟੀਫ਼ਿਕੇਸ਼ਨ ਜਾਰੀ ਕੀਤਾ, ਜੋ 24 ਅਗਸਤ ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਇਆ । ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹ ਅਜੇ ਇੱਕ ਖਰੜਾ ਹੁਕਮ ਹੈ ਤੇ ਆਮ ਜਨਤਾ, ਕਿਸਾਨ ਜਥੇਬੰਦੀਆਂ ਅਤੇ ਉਦਯੋਗ ਜਗਤ ਤੋਂ ਤੀਹ ਦਿਨਾਂ ਦੇ ਅੰਦਰ ਇਤਰਾਜ਼ ਅਤੇ ਸੁਝਾਅ ਮੰਗੇ ਗਏ ਹਨ । ਅੰਤਿਮ ਹੁਕਮ ਲਾਗੂ ਹੋਣ ਤੋਂ ਬਾਅਦ ਕੰਪਨੀਆਂ ਨੂੰ ਰਜਿਸਟ੍ਰੇਸ਼ਨ ਸਰਟੀਫਿਕੇਟ ਸਰੰਡਰ ਕਰਨ ਲਈ 3 ਮਹੀਨਿਆਂ ਦੀ ਮਿਆਦ ਮਿਲੇਗੀ, ਜਿਸ ਤੋਂ ਬਾਅਦ ਦੇਸ਼ ਭਰ ਵਿੱਚ ਇਸ ਦੇ ਨਿਰਮਾਣ, ਦਰਾਮਦ, ਵਿਕਰੀ, ਢੋਆ-ਢੁਆਈ ਅਤੇ ਵਰਤੋਂ 'ਤੇ ਕਾਨੂੰਨੀ ਰੋਕ ਲੱਗ ਜਾਵੇਗੀ ।



## ਰਸਾਇਣਕ ਬਣਤਰ ਤੇ ਸਿਹਤ ਖ਼ਤਰੇ

ਮਾਹਿਰਾਂ ਅਨੁਸਾਰ ਕਾਰਬੋਸਲਫਾਨ ਕੋਈ ਆਮ ਕੀਟਨਾਸ਼ਕ ਨਹੀਂ, ਸਗੋਂ ਇਹ ਬਹੁਤ ਜ਼ਹਿਰੀਲਾ ਕਾਰਬਾਮੇਟ ਸਮੂਹ ਦਾ ਰਸਾਇਣ ਹੈ । ਇਸ ਦੀ ਸਭ ਤੋਂ ਵੱਡੀ ਖ਼ਾਸੀਅਤ ਤੇ ਖ਼ਤਰਾ ਇਹ ਹੈ ਕਿ ਮਿੱਟੀ, ਪਾਣੀ ਜਾਂ ਜੀਵ ਦੇ ਸਰੀਰ ਵਿੱਚ ਦਾਖ਼ਲ ਹੋਇਆ ਹੀ ਇਹ ਬੜੀ ਤੇਜ਼ੀ ਨਾਲ ਕਾਰਬੋਫਿਊਰਾਨ ਨਾਮਕ ਇੱਕ ਹੋਰ ਵੀ ਜ਼ਹਿਰੀਲੇ ਤੱਤ ਵਿੱਚ ਤਬਦੀਲ ਹੋ ਜਾਂਦਾ ਹੈ । ਇਹ ਤਬਦੀਲ ਹੋਇਆ ਰਸਾਇਣ ਸਰੀਰ ਦੀ ਤੰਤਰਿਕਾ ਪ੍ਰਣਾਲੀ ਦੇ ਮੁੱਖ ਅੰਗ ਕੋਲੀਨਐਸਟਰੇਜ਼ ਐਨਜ਼ਾਈਮ ਦੀ ਕਾਰਜ ਪ੍ਰਣਾਲੀ ਨੂੰ ਜਾਮ ਕਰ ਦਿੰਦਾ ਹੈ, ਜਿਸ ਕਾਰਨ ਮਨੁੱਖੀ ਦਿਮਾਗ ਅਤੇ ਨਸਾਂ ਦਾ ਆਪਸੀ ਤਾਲਮੇਲ ਵਿਗੜ ਜਾਂਦਾ ਹੈ । ਖੇਤਾਂ ਵਿੱਚ ਸਪਰੇਅ ਕਰਨ ਵਾਲੇ ਮਜ਼ਦੂਰਾਂ ਜਾਂ ਕਿਸਾਨਾਂ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਤਿੱਖੀ ਸਰੀਰਕ ਜ਼ਹਿਰਬਾਦ, ਸਾਹ ਲੈਣ ਵਿੱਚ ਦਿੱਕਤ, ਅੰਨ੍ਹਾਪਣ ਅਤੇ ਗੰਭੀਰ ਹਾਲਤਾਂ ਵਿੱਚ ਮੌਤ ਤੱਕ ਦਾ ਖ਼ਤਰਾ ਬਣਿਆ ਰਹਿੰਦਾ ਹੈ । ਇਸ ਕੀਟਨਾਸ਼ਕ ਦਾ ਸਭ ਤੋਂ ਡਰਾਉਣਾ ਪਹਿਲੂ ਇਹ ਹੈ ਕਿ ਇਸ ਜ਼ਹਿਰ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਲਈ ਕੋਈ ਵਿਸ਼ੇਸ਼ ਪ੍ਰਤੀ-ਜ਼ਹਿਰ ਭਾਵ ਐਂਟੀਡੋਟ ਮੰਜ਼ੂਰ ਹੋ ਰਹੀ ਹੈ । ਮੈਡੀਕਲ ਪ੍ਰਣਾਲੀ ਵਿੱਚ ਸਿਰਫ਼ ਐਟਰੋਪੀਨ ਵਰਗੀਆਂ ਸਹਾਇਕ ਦਵਾਈਆਂ ਰਾਹੀਂ ਲੱਛਣਾਂ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਸਰੀਰਕ ਨੁਕਸਾਨ ਨੂੰ ਮੂਲੋਂ ਰੋਕਣ ਦਾ ਕੋਈ ਪੱਕਾ ਇਲਾਜ ਨਹੀਂ ਹੈ । ਅਜਿਹੇ ਖ਼ਤਰਨਾਕ ਤੱਤਾਂ ਦੀ ਆਮ ਬਾਜ਼ਾਰ ਵਿੱਚ ਖੁੱਲ੍ਹੀ ਵਿਕਰੀ ਪੇਂਡੂ ਖੇਤਰਾਂ ਦੀ ਆਮ ਸਿਹਤ ਲਈ ਹਮੇਸ਼ਾ ਇੱਕ ਵੱਡਾ ਖ਼ਤਰਾ ਬਣੀ ਰਹਿੰਦੀ ਹੈ, ਜਿਸ ਕਾਰਨ ਕਈ ਵਿਕਸਤ ਦੇਸ਼ ਇਸ 'ਤੇ ਪਹਿਲਾਂ ਹੀ ਪਾਬੰਦੀ ਲਗਾ ਚੁੱਕੇ ਹਨ ।

## ਜੈਵ-ਵਿਭਿੰਨਤਾ, ਪੰਛੀ ਤੇ ਮਧੂ-ਮੱਖੀਆਂ 'ਤੇ ਮਾਰ

ਖੇਤੀਬਾੜੀ ਸਿਰਫ਼ ਜ਼ਮੀਨ ਵਿੱਚੋਂ ਫ਼ਸਲ ਉਗਾਉਣ ਦਾ ਨਾਮ ਨਹੀਂ ਹੈ, ਸਗੋਂ ਖੇਤ ਆਪਣੇ ਆਪ ਵਿੱਚ ਇੱਕ ਪੂਰਨ ਅਤੇ ਸੰਤੁਲਿਤ ਕੁਦਰਤੀ ਜੀਵ-ਤੰਤਰ ਹੁੰਦਾ ਹੈ । ਇਸ ਜੀਵ-ਤੰਤਰ ਵਿੱਚ ਮਿੱਟੀ ਦੇ ਸੂਖਮ ਜੀਵ, ਮਿੱਤਰ ਕੀੜੇ, ਪੰਛੀ, ਤਿੱਤਲੀਆਂ ਅਤੇ ਮਧੂ-ਮੱਖੀਆਂ ਬਰਾਬਰ ਦੀ ਭੂਮਿਕਾ ਨਿਭਾਉਂਦੇ ਹਨ । ਰਜਿਸਟ੍ਰੇਸ਼ਨ ਕਮੇਟੀ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕਾਰਬੋਸਲਫਾਨ ਗੈਰ-ਨਿਸ਼ਾਨਾ ਪ੍ਰਜਾਤੀਆਂ ਭਾਵ ਉਨ੍ਹਾਂ ਜੀਵਾਂ ਲਈ ਬੇਹੱਦ ਘਾਤਕ ਹੈ, ਜਿਨ੍ਹਾਂ ਨੂੰ ਮਾਰਨਾ ਮਕਸਦ ਨਹੀਂ ਹੁੰਦਾ । ਪਾਣੀ ਦੇ ਸੋਮਿਆਂ ਵਿੱਚ ਘੁਲ ਕੇਇਹ ਮੱਛੀਆਂ ਅਤੇ ਹੋਰ ਜਲ-ਜੀਵਾਂ ਦਾ ਨਾਸ਼ ਕਰਦਾ ਹੈ ਅਤੇ ਪੰਛੀਆਂ ਦੀ ਪ੍ਰਜਨਨ ਸਮਰੱਥਾ ਨੂੰ ਘਟਾਉਂਦਾ ਹੈ । ਭਾਰਤ ਵਿੱਚ ਖੋਜਕਰਤਾਵਾਂ ਵੱਲੋਂ ਕੀਤੇ ਗਏ ਪ੍ਰਯੋਗਾਂ ਦੌਰਾਨ ਇਹ ਸਿੱਧ ਹੋਇਆ ਹੈ ਕਿ ਬੈਂਗਣ ਅਤੇ ਹੋਰ ਫ਼ਸਲਾਂ 'ਤੇ ਸਿਫ਼ਾਰਸ਼ੀ ਮਾਤਰਾ ਅਨੁਸਾਰ ਛਿੜਕਾਅ ਕਰਨ ਦੇ ਚੌਵੀ ਘੰਟਿਆਂ ਦੇ ਅੰਦਰ ਹੀ ਮਧੂ-ਮੱਖੀਆਂ ਵਿੱਚ ਭਾਰੀ ਮੌਤ ਦਰ ਦਰਜ ਕੀਤੀ ਗਈ । ਮਧੂ-ਮੱਖੀਆਂ ਖੇਤੀਬਾੜੀ ਵਿੱਚ ਪਰਾਗਣ ਦੀ ਸਭ ਤੋਂ ਮਹੱਤਵਪੂਰਣ ਕੜੀ ਹਨ ।



### ਪੰਜਾਬ ਦੀ ਖੇਤੀਬਾੜੀ 'ਤੇ ਪ੍ਰਭਾਵ

**ਪੰਜਾਬ ਨੇ ਦੇਸ਼ ਦਾ ਢਿੱਡ ਭਰਨ ਲਈ ਹਰੀ ਕ੍ਰਾਂਤੀ ਦੇ ਦੌਰਾਨ ਸਭ ਤੋਂ ਵੱਧ ਯੋਗਦਾਨ ਪਾਇਆ, ਪਰ ਇਸ ਬੇਮਿਸਾਲ ਉਤਪਾਦਨ ਦੀ ਬਹੁਤ ਵੱਡੀ ਵਾਤਾਵਰਨਕ ਕੀਮਤ ਵੀ ਚੁਕਾਈ ਹੈ । ਅੰਨ੍ਹੇਵਾਹ ਰਸਾਇਣਕ ਖਾਦਾਂ ਅਤੇ ਤੇਜ਼ ਕੀਟਨਾਸ਼ਕਾਂ ਦੀ ਵਰਤੋਂ ਨੇ ਸੂਬੇ ਦੇ ਧਰਤੀ ਹੇਠਲੇ ਪਾਣੀ ਨੂੰ ਜ਼ਹਿਰੀਲਾ ਕੀਤਾ ਹੈ ਅਤੇ ਮਿੱਟੀ ਦੀ ਕੁਦਰਤੀ ਉਪਜਾਊ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਹੈ । ਝੋਨਾ ਪੰਜਾਬ ਦੀ ਮੁੱਖ ਸਾਉਣੀ ਫ਼ਸਲ ਹੈ ਅਤੇ ਝੋਨੇ ਵਿੱਚ ਕੀੜਿਆਂ ਦੀ ਰੋਕਥਾਮ ਲਈ ਕਾਰਬੋਸਲਫਾਨ ਦੀ ਵਰਤੋਂ ਵੱਡੇ ਪੱਧਰ 'ਤੇ ਕੀਤੀ ਜਾਂਦੀ ਰਹੀ ਹੈ । ਸਰਕਾਰੀ ਅੰਕੜਿਆਂ ਮੁਤਾਬਕ ਚੌਲਾਂ ਵਿੱਚ ਇਸ ਰਸਾਇਣ ਦੇ ਅਵਸ਼ੇਸ਼ ਮਿਲਣ ਦੀ ਦਰ ਚਿੰਤਾਜਨਕ ਰਹੀ ਹੈ, ਜਿਸ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਬਾਸਮਤੀ ਦੇ ਨਿਰਯਾਤ ਉੱਤੇ ਵੀ ਮਾੜਾ ਅਸਰ ਪੈਂਦਾ ਰਿਹਾ ਹੈ । ਪੰਜਾਬ ਦੇ ਸੰਦਰਭ ਵਿੱਚ ਇਹ ਫੈਸਲਾ ਇਸ ਲਈ ਵੀ ਅਹਿਮ ਹੈ ਕਿਉਂਕਿ ਇੱਥੋਂ ਦੇ ਕਿਸਾਨ ਪਹਿਲਾਂ ਹੀ ਖੇਤੀ ਲਾਗਤਾਂ ਦੇ ਵਾਧੇ ਅਤੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਪ੍ਰਕੋਪ ਨਾਲ ਜੂਝ ਰਹੇ ਹਨ । ਜਦੋਂ ਸਰਕਾਰ ਅਜਿਹੇ ਰਸਾਇਣਾਂ 'ਤੇ ਰੋਕ ਲਗਾਉਂਦੀ ਹੈ ਤਾਂ ਇਸ ਦਾ ਸਿੱਧਾ ਅਸਰ ਪੰਜਾਬ ਦੇ ਖੇਤਾਂ ਅਤੇ ਉਸ ਦੇ ਕਿਸਾਨਾਂ 'ਤੇ ਪੈਂਦਾ ਹੈ । ਹਾਲਾਂਕਿ ਸਿਰਫ਼ ਇੱਕ ਰਸਾਇਣ 'ਤੇ ਰੋਕ ਲਾ ਦੇਣਾ ਹੀ ਕਾਫ਼ੀ ਨਹੀਂ ਹੈ, ਸਗੋਂ ਇਹ ਜ਼ਰੂਰੀ ਹੈ ਕਿ ਕਿਸਾਨ ਨੂੰ ਇਹ ਅਹਿਸਾਸ ਕਰਵਾਇਆ ਜਾਵੇ ਕਿ ਫ਼ਸਲ ਸੁਰੱਖਿਆ ਦਾ ਮਤਲਬ ਕੇਵਲ ਤੇਜ਼ ਜ਼ਹਿਰਾਂ ਦਾ ਛਿੜਕਾਅ ਨਹੀਂ ਹੈ ।**

## ਬਦਲਵੇਂ ਪ੍ਰਬੰਧ ਤੇ ਸਰਕਾਰ ਦੀ ਜ਼ਿੰਮੇਵਾਰੀ

ਕਿਸੇ ਵੀ ਦਵਾਈ ਜਾਂ ਕੀਟਨਾਸ਼ਕ 'ਤੇ ਪਾਬੰਦੀ ਲਗਾਉਣਾ ਕਾਗਜ਼ੀ ਤੌਰ 'ਤੇ ਸੌਖਾ ਹੋ ਸਕਦਾ ਹੈ, ਪਰ ਜ਼ਮੀਨੀ ਪੱਧਰ 'ਤੇ ਉਸ ਨੂੰ ਲਾਗੂ ਕਰਨਾ ਸਰਕਾਰ ਦੀ ਨੀਤੀ ਤੇ ਨੀਅਤ ਦਾ ਅਸਲ ਇਮਤਿਹਾਨ ਹੁੰਦਾ ਹੈ । ਜੇਕਰ ਕਿਸਾਨ ਨੂੰ ਕਾਰਬੋਸਲਫਾਨ ਦਾ ਸਸਤਾ, ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਬਦਲ ਮੁਹੱਈਆ ਨਾ ਕਰਵਾਇਆ ਗਿਆ, ਤਾਂ ਖ਼ਤਰਾ ਇਹ ਬਣਿਆ ਰਹਿੰਦਾ ਹੈ ਕਿ ਕਿਸਾਨ ਮਜ਼ਬੂਰੀ ਵੱਸ ਕਿਸੇ ਹੋਰ ਘਾਤਕ ਰਸਾਇਣ ਦੀ ਵਰਤੋਂ ਸ਼ੁਰੂ ਕਰ ਦੇਵੇਗਾ ਜਾਂ ਫਿਰ ਬਾਜ਼ਾਰ ਵਿੱਚ ਪਾਬੰਦੀਸ਼ੁਦਾ ਦਵਾਈ ਦੀ ਕਾਲਾਬਾਜ਼ਾਰੀ ਸ਼ੁਰੂ ਹੋ ਜਾਵੇਗੀ । ਕਿਸਾਨਾਂ ਨੂੰ ਇਹ ਸਿਖਲਾਈ ਦੇਣੀ ਪਵੇਗੀ ਕਿ ਹਰ ਕੀੜਾ ਦੁਸ਼ਮਣ ਨਹੀਂ ਹੁੰਦਾ ਤੇ ਜਦੋਂ ਤੱਕ ਕੀੜਿਆਂ ਦੀ ਗਿਣਤੀ ਆਰਥਿਕ ਨੁਕਸਾਨ ਦੀ ਹੱਦ ਤੱਕ ਨਾ ਪਹੁੰਚੇ, ਉਦੋਂ ਤੱਕ ਛਿੜਕਾਅ ਤੋਂ ਗੁਰੇਜ਼ ਕੀਤਾ ਜਾਵੇ । ਮਿੱਤਰ ਕੀੜਿਆਂ ਜਿਵੇਂ ਕਿ ਮੱਕੜੀਆਂ, ਲੇਡੀਬਰਡ ਬੀਟਲ ਅਤੇ ਕ੍ਰਾਈਸੋਪਾਂ ਦੀ ਰਾਖੀ ਕਰਕੇ ਕੁਦਰਤੀ ਤਰੀਕੇ ਨਾਲ ਕੀੜਿਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ ।

## ਕਿਸਾਨ ਪੱਖੀ ਪਹੁੰਚ ਤੇ ਭਵਿੱਖ ਦੀ ਲੋੜ

ਇਸ ਪੂਰੇ ਮਸਲੇ ਵਿੱਚ ਸਭ ਤੋਂ ਅਹਿਮ ਨੁਕਤਾ ਇਹ ਹੈ ਕਿ ਕੀਟਨਾਸ਼ਕਾਂ ਦੀ ਵਰਤੋਂ ਲਈ ਕਿਸਾਨ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ । ਕਿਸਾਨ ਨੇ ਦਹਾਕਿਆਂ ਤੱਕ ਉਹੀ ਰਸਾਇਣ ਵਰਤੇ ਜਿਨ੍ਹਾਂ ਨੂੰ ਸਰਕਾਰੀ ਸੰਸਥਾਵਾਂ ਨੂੰ ਪ੍ਰਮਾਣਿਤ ਕੀਤਾ ਅਤੇ ਬਾਜ਼ਾਰ ਨੇ ਵੇਚਿਆ । ਜਦੋਂ ਨਵੇਂ ਵਿਗਿਆਨਕ ਅਧਿਐਨ ਕਿਸੇ ਰਸਾਇਣ ਨੂੰ ਖ਼ਤਰਨਾਕ ਸਿੱਧ ਕਰਦੇ ਹਨ ਤਾਂ ਨੀਤੀ ਬਦਲਣਾ ਸਰਕਾਰ ਦਾ ਕੰਮ ਹੈ, ਪਰ ਕਿਸਾਨ ਨੂੰ ਨਵੇਂ ਵਿਕਲਪਾਂ ਵੱਲ ਤੋਰਨ ਲਈ ਆਰਥਿਕ ਸਬਸਿਡੀਆਂ, ਤਕਨੀਕੀ ਮਾਰਗਦਰਸ਼ਨ ਅਤੇ ਜਾਗਰੂਕਤਾ ਕੈਂਪ ਲਗਾਉਣਾ ਵੀ ਰਾਜ ਦੀ ਜ਼ਿੰਮੇਵਾਰੀ ਹੈ । ਪਾਬੰਦੀ ਦੀ ਕਾਮਯਾਬੀ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਪਿੰਡਾਂ ਦੀਆਂ ਖਾਦ-ਦਵਾਈਆਂ ਦੀਆਂ ਦੁਕਾਨਾਂ 'ਤੇ ਨਿਗਰਾਨੀ ਕਿੰਨੀ ਸਖ਼ਤ ਹੈ । ਕਾਰਬੋਸਲਫਾਨ 'ਤੇ ਪ੍ਰਸਤਾਵਿਤ ਰੋਕ ਸਿਰਫ਼ ਇੱਕ ਰਸਾਇਣ ਦਾ ਅੰਤ ਨਹੀਂ, ਸਗੋਂ ਇਹ ਤੈਅ ਕਰਨ ਦਾ ਸੁਨਹਿਰੀ ਮੌਕਾ ਹੈ ਕਿ ਦੇਸ਼ ਦੀ ਖੇਤੀ ਨੀਤੀ ਕੇਵਲ ਵੱਧ ਪੈਦਾਵਾਰ ਦੇ ਅੰਕੜਿਆਂ ਪਿੱਛੇ ਭੱਜੇਗੀ ਜਾਂ ਫਿਰ ਤੰਦਰੁਸਤ ਨਾਗਰਿਕ, ਜ਼ਹਿਰ ਮੁਕਤ ਅੰਨ, ਉਪਜਾਊ ਮਿੱਟੀ ਅਤੇ ਸੰਤੁਲਿਤ ਵਾਤਾਵਰਨ ਨੂੰ ਆਪਣਾ ਮੁੱਖ ਉਦੇਸ਼ ਬਣਾਏਗੀ ।



# ਦੁੱਧ ਪਦਾਰਥ ਬਣਾਉਣਾ

## ਆਮਦਨ ਵਧਾਉਣ ਲਈ ਸਭ ਤੋਂ ਉੱਤਮ ਤਰੀਕਾ

**ਡਾ. ਬਲਵਿੰਦਰ ਸਿੰਘ ਢਿੱਲੋਂ,**
**ਗੁਰੂ ਕਾਂਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋਂ, ਬਠਿੰਡਾ**

**ਡੇਅਰੀ ਫਾਰਮਿੰਗ ਇਕ ਲਾਹੇਵੰਦ ਧੰਦਾ ਹੈ ਅਤੇ ਆਮਦਨ ਵਧਾਉਣ ਲਈ ਸਭ ਤੋਂ ਉੱਤਮ ਹੈ । ਪਰ ਜੇਕਰ ਦੁੱਧ ਤੋਂ ਵੱਖ-ਵੱਖ ਪਦਾਰਥ ਜਿਵੇਂ ਕਿ ਪਨੀਰ ਪਾਣੀ (ਵ੍ਹੇਅ / ਬੈਵਰੇਜ), ਦਹੀਂ, ਮੱਖਣ, ਲੱਸੀ ਅਤੇ ਦੇਸੀ ਘਿਓ ਬਣਾ ਕੇ ਵੇਚੇ ਜਾਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ । ਦੁੱਧ ਕੁੱਦਰਤ ਦੀ ਵੱਡਮੁੱਲੀ ਦੇਣ ਹੈ । ਇਸ ਵਿੱਚ ਬਹੁਤ ਸਾਰੇ ਕੀਮਤੀ ਪੌਸ਼ਟਿਕ ਤੱਤ ਹੁੰਦੇ ਹਨ ਅਤੇ ਇਹ ਮਨੁੱਖੀ ਸਿਹਤ ਲਈ ਬਹੁਤ ਲਾਭਦਾਇਕ ਅਤੇ ਅਤਿ ਜ਼ਰੂਰੀ ਹੁੰਦੇ ਹਨ ਜਿਵੇਂ ਕਿ ਕੈਲਸ਼ੀਅਮ, ਔਸਟਿਉਪਰੋਸਿਸ ਨੂੰ ਰੋਕਦਾ ਹੈ । ਵਿਟਾਮਿਨ ਡੀ ਸਰੀਰਕ ਵਿਕਾਸ ਅਤੇ ਕੈਂਸਰ ਤੋਂ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ।**

ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਸ ਦੀ ਜ਼ਿਆਦਾਤਰ ਆਬਾਦੀ (60-70%) ਖੇਤੀ ਬਾੜੀ ਦੇ ਧੰਦੇ ਨਾਲ ਜੁੜੀ ਹੋਈ ਹੈ । ਪਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਮਹਿੰਗਾਈ ਦਾ ਚੋਖਾ ਵਾਧਾ ਅਤੇ ਰੋਜ਼ਾਨਾ ਜ਼ਿੰਦਗੀ ਦੇ ਖਰਚੇ ਸਾਨੂੰ ਮਜਬੂਰ ਕਰ ਰਹੇ ਹਨ ਕਿ ਇਕੱਲੀ ਖੇਤੀਬਾੜੀ ਦਾ ਧੰਦਾ ਇਹ ਸਭ ਕੁਝ ਦੀ ਪੂਰਤੀ ਨਹੀਂ ਕਰ ਸਕਦਾ । ਸਾਡੀਆਂ ਸਰਕਾਰਾਂ ਇਸ ਗੱਲ ਉੱਪਰ ਇੱਕ ਜੁੱਟ ਹਨ ਕਿ ਖੇਤੀਬਾੜੀ ਦੀ ਆਮਦਨ ਵਿੱਚ ਚੋਖਾ ਵਾਧਾ ਹੋਵੇ ਤਾਂ ਜੋ ਸਾਡੀ ਕਿਰਸਾਨੀ ਨਾਲ ਸੰਬੰਧਿਤ ਸਾਰੇ ਪਰਿਵਾਰ ਆਪਣਾ ਜੀਵਨ ਵਧੀਆ ਅਤੇ ਸੁਖਾਵਾ ਬਤੀਤ ਕਰ ਸਕਣ ।

ਡੇਅਰੀ ਫਾਰਮਿੰਗ ਇਕ ਲਾਹੇਵੰਦ ਧੰਦਾ ਹੈ ਅਤੇ ਆਮਦਨ ਵਧਾਉਣ ਲਈ ਸਭ ਤੋਂ ਉੱਤਮ ਹੈ । ਪਰ ਜੇਕਰ ਦੁੱਧ ਤੋਂ ਵੱਖ ਵੱਖ ਪਦਾਰਥ ਜਿਵੇਂ ਕਿ ਪਨੀਰ ਪਾਣੀ (ਵ੍ਹੇਅ/ਬੈਵਰੇਜ), ਦਹੀਂ, ਮੱਖਣ, ਲੱਸੀ ਅਤੇ ਦੇਸੀ ਘਿਓ ਬਣਾਕੇ ਵੇਚੇ




ਜਾਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ । ਦੁੱਧ ਕੁੱਦਰਤ ਦੀ ਵੱਡਮੁੱਲੀ ਦੇਣ ਹੈ । ਇਸ ਵਿੱਚ ਬਹੁਤ ਸਾਰੇ ਕੀਮਤੀ ਪੌਸ਼ਟਿਕ ਤੱਤ ਹੁੰਦੇ ਹਨ ਅਤੇ ਇਹ ਮਨੁੱਖੀ ਸਿਹਤ ਲਈ ਬਹੁਤ ਲਾਭਦਾਇਕ ਅਤੇ ਅਤਿ ਜ਼ਰੂਰੀ ਹੁੰਦੇ ਹਨ ਜਿਵੇਂ ਕਿ ਕੈਲਸ਼ੀਅਮ, ਔਸਟਿਉਪੋਰੋਸਿਸ (Ostoporosis) ਨੂੰ ਰੋਕਦਾ ਹੈ । ਵਿਟਾਮਿਨ ਡੀ ਸਰੀਰਕ ਵਿਕਾਸ ਅਤੇ ਕੈਂਸਰ ਤੋਂ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ।

ਦੁੱਧ ਪਦਾਰਥ ਤਿਆਰ ਕਰਨਾ ਇਕ ਨਿਵੇਕਲੀ ਕਿਸਮ ਦੀ ਕਲਾ ਹੈ । ਭਾਵੇਂ ਭਾਰਤ ਵਿਚ ਕੁੱਲ ਪੈਦਾ ਹੋਏ ਦੁੱਧ ਦਾ ਬਹੁਤਾ ਹਿੱਸਾ ਦੇਸੀ ਦੁੱਧ ਪਦਾਰਥ (ਮੱਖਣ, ਪਨੀਰ, ਦੇਸੀ ਘਿਓ ਅਤੇ ਲੱਸੀ ਆਦਿ) ਬਣਾਉਣ ਵਿੱਚ ਖਪਤ ਹੋ ਜਾਂਦਾ ਹੈ । ਦੁੱਧ ਉਤਪਾਦਕਾਂ ਨੂੰ ਇਨ੍ਹਾਂ ਪਦਾਰਥਾਂ ਦੀ



ਮਹੱਤਤਾ, ਬਣਾਉਣ ਦੇ ਢੰਗਾਂ, ਕੁਆਲਿਟੀ ਸੁਧਾਰ ਅਤੇ ਮੰਡੀਕਰਣ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ । ਡੇਅਰੀ ਖੋਜ ਸੰਸਥਾਵਾਂ / ਵੈਟਨਰੀ / ਖੇਤੀ ਯੂਨੀਵਰਸਿਟੀਆਂ ਵਲੋਂ ਵਿਕਸਤ ਕੀਤੀਆਂ ਗਈਆਂ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਉਹ ਡੇਅਰੀ ਫਾਰਮਿੰਗ ਦੇ ਧੰਦੇ ਨੂੰ ਵਪਾਰਕ ਪੱਧਰ ਉੱਤੇ ਅਪਣਾਕੇ ਅਤੇ ਦੁੱਧ ਤੋਂ ਦੁੱਧ ਪਦਾਰਥ ਬਣਾਕੇ ਅਤੇ ਵੇਚਕੇ ਦੁੱਧ ਦੀ ਕੀਮਤ ਵਿਚਲਾ ਵਾਧਾ ਪ੍ਰਾਪਤ ਕਰ ਸਕਣ । ਵੱਡੇ ਪੱਧਰ 'ਤੇ ਭਾਰਤੀ ਦੁੱਧ ਪਦਾਰਥਾਂ ਨੂੰ ਬਣਾਉਣ, ਵੇਚਣ, ਕੁਆਲਿਟੀ ਸੁਧਾਰਨ ਅਤੇ ਨਵੀਆਂ ਤਕਨੀਕਾਂ ਦੇ ਕਾਫ ਕੱਢਣ ਦੇ ਖੇਤਰ ਵਿੱਚ ਕੋਈ ਸ਼ਲਾਘਾ ਯੋਗ ਕਦਮ ਨਹੀਂ ਚੁੱਕਿਆ ਗਿਆ ਹੈ । ਜਿਸ ਕਰਕੇ ਡੇਅਰੀ ਦੇ ਧੰਦੇ ਨਾਲ ਜੁੜੇ ਜ਼ਿਆਦਾਤਰ ਕਿਸਾਨ ਸਿੱਧਾ ਦੁੱਧ ਵੇਚਣ ਤੱਕ ਹੀ ਇਸ ਧੰਦੇ ਨੂੰ ਸੀਮਤ ਰੱਖਦੇ ਹਨ ।

ਪਿੰਡ ਪੱਧਰ ਉੱਤੇ ਖਾਸ ਕਰਕੇ ਸ਼ਹਿਰਾਂ ਨਾਲ ਲੱਗਦੇ ਪਿੰਡਾਂ ਵਿੱਚ ਦੁੱਧ ਤੋਂ ਦੁੱਧ ਪਦਾਰਥ ਬਣਾਕੇ ਅਤੇ ਸਿੱਧਿਆਂ ਖਪਤਕਾਰਾਂ ਨੂੰ ਵੇਚਣ ਨਾਲ ਦੁੱਧ ਉਤਪਾਦਕਾਂ ਨੂੰ ਦੁੱਧ ਦੀਆਂ ਉੱਚੀਆਂ ਕੀਮਤਾਂ ਮਿਲ ਸਕਦੀਆਂ ਹਨ । ਇਸ ਕੰਮ ਵੱਲ ਨਾ ਤਾਂ ਪੰਜਾਬ ਦਾ ਕਿਸਾਨ ਪ੍ਰੇਰਿਤ ਹੈ ਅਤੇ ਨਾ ਹੀ ਕਿਸਾਨ ਨੂੰ ਮਾਰਗ ਦਰਸ਼ਉਣ ਵਾਲੀ ਕੋਈ ਸੰਸਥਾ । ਸਿੱਟੇ ਵਜੋਂ ਸ਼ਹਿਰਾਂ ਤੇ ਕਸਬਿਆਂ ਵਿੱਚ ਦੁੱਧ ਤੋਂ ਦੇਸੀ ਦੁੱਧ ਪਦਾਰਥ ਜਿਵੇਂ ਕਿ ਦਹੀਂ, ਲੱਸੀ, ਕੁਲਫੀ ਅਤੇ ਵੱਖ ਵੱਖ ਤਰ੍ਹਾਂ ਦੀਆਂ ਮਠਿਆਈਆਂ ਬਣਾਉਣ ਵਿੱਚ ਗੈਰ ਪੰਜਾਬੀ ਲੋਕਾਂ ਦਾ ਬੋਲਬਾਲਾ ਹੋਇਆ ਹੈ । ਜਿਵੇਂ ਕਿ ਸਮੇਂ ਦੀ ਮੰਗ ਹੈ ਕਿ ਖੇਤੀ ਵਿਭਿੰਨਤਾ ਇਸ ਵੇਲੇ ਪੰਜਾਬ ਦੇ ਕਿਸਾਨ ਅਤੇ ਪੰਜਾਬ ਸਰਕਾਰ ਲਈ ਮੁੱਖ ਚੈਲਿੰਜ ਬਣਿਆ ਹੋਇਆ ਹੈ, ਲਾਹੇਵੰਦ ਡੇਅਰੀ ਫਾਰਮਿੰਗ ਅਪਣਾ ਕੇ ਹੀ ਖੇਤੀ ਵਿਭਿੰਨਤਾ ਦੇ ਨਾਲ ਨਾਲ ਬੇਰੁਜ਼ਗਾਰ ਨੌਜਵਾਨਾਂ ਨੂੰ ਲਾਹੇਵੰਦ ਰੋਜ਼ਗਾਰ ਦਿੱਤਾ ਜਾ ਸਕਦਾ ਹੈ । ਦੁੱਧ ਉਤਪਾਦਕਾਂ ਦੀ ਸਹੂਲਤ ਲਈ ਇਸ ਲੇਖ ਵਿੱਚ ਦੁੱਧ ਪਦਾਰਥ ਜੋ ਕਿ ਪਿੰਡ ਪੱਧਰ ਉੱਪਰ ਬੜੀ ਆਸਾਨੀ ਨਾਲ ਬਣਾਕੇ ਵੇਚੇ ਜਾ ਸਕਦੇ ਹਨ, ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ।

**ਪਨੀਰ ਬਣਾਉਣਾ** : ਪਨੀਰ ਨੂੰ ਨਰਮ 'ਚੀਜ਼' (cheese) ਵੀ ਕਿਹਾ ਜਾਂਦਾ ਹੈ । ਦੁੱਧ ਦੇ ਉਬਾਲ ਦਰਜੇ ਦੇ ਨੇੜੇ ਤਾਜ਼ੇ ਦੁੱਧ ਨੂੰ ਗਰਮ ਕਰਕੇ ਇਸ ਨੂੰ ਸਿਟਰਿਕ ਏਸਿਡ/ਲੈਕਟਿਕ ਏਸਿਡ ਨਾਲ ਪਾੜਕੇ ਪ੍ਰਾਪਤ ਕੀਤੇ ਠੋਸ ਮਾਦੇ ਨੂੰ ਪਨੀਰ ਕਹਿੰਦੇ ਹਨ ਅਤੇ ਇੰਝ ਪ੍ਰਾਪਤ ਹੋਏ ਤਰਲ ਪਦਾਰਥ ਨੂੰ ਵ੍ਹੇ (ਪਨੀਰ ਪਾਣੀ) ਕਹਿੰਦੇ ਹਨ । ਪਨੀਰ ਬਹੁਤੀਆਂ ਭਾਰਤੀਆਂ ਮਠਿਆਈਆਂ ਦਾ ਅਧਾਰ ਹੈ । ਪਨੀਰ ਦੀ ਫੈਟ ਕੁੱਲ ਸੁੱਕੇ ਮਾਦੇ ਦਾ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਨਮੀਂ ਦੀ ਮਾਤਰਾ 55 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ ।

**ਪਨੀਰ ਦੀ ਬਣਤਰ** : ਦੁੱਧ ਵਿਚਲੀ ਫੈਟ, ਦੁੱਧ ਨੂੰ ਪਾੜਨ ਦਾ ਤਰੀਕਾ, ਪਨੀਰ ਨੂੰ ਪੁਣਨ ਦਾ ਤਰੀਕਾ ਅਤੇ ਦੁੱਧ ਤੱਤਾਂ ਦਾ ਵ੍ਹੇ ਵਿੱਚ ਨਿਕਲਣਾ, ਪਨੀਰੀ ਦੀ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ । ਵਧੀਆ ਕੁਆਲਿਟੀ ਦਾ ਪਨੀਰ ਬਣਾਉਣ ਲਈ 5-6 ਪ੍ਰਤੀਸ਼ਤ ਫੈਟ ਅਤੇ 8.5-9.0 ਪ੍ਰਤੀਸ਼ਤ ਐਸ. ਐਨ. ਐਫ ਵਾਲਾ ਦੁੱਧ ਵਧੀਆ ਰਹਿੰਦਾ ਹੈ । ਨਿਰੋਲ ਮੱਝ ਦੇ ਦੁੱਧ ਵਿੱਚ ਜੇ 3:1 ਗੋਕਾ ਦੁੱਧ ਮਿਲਾਉਣ ਨਾਲ ਦੁੱਧ ਦੀ ਲਾਗਤ 'ਤੇ ਖਰਚਾ ਘੱਟ ਕਰ ਸਕਦੇ ਹਾਂ ਅਤੇ ਪਨੀਰ ਦੀ ਕੁਆਲਿਟੀ ਅਤੇ ਉਤਪਾਦਨ ਪੂਰੀ ਮਾਤਰਾ ਵਿੱਚ ਹੋਵੇਗਾ ।

**ਪਨੀਰ ਦੀ ਪੌਸ਼ਟਿਕਤਾ** : ਪਨੀਰ ਫੈਟ ਅਤੇ ਪ੍ਰੋਟੀਨ ਭਰਪੂਰ ਉਤਪਾਦ ਹੈ ਅਤੇ ਇਸ ਵਿੱਚ ਕੈਲਸ਼ੀਅਮ, ਫਾਸਫੋਰਸ ਤੱਤ ਵੀ ਹੁੰਦੇ ਹਨ । ਪਨੀਰ ਵਿੱਚ ਫੈਟ ਵਿੱਚ ਘੁਲਣਸ਼ੀਲ ਵਿਟਾਮਿਨ 'ਏ' ਅਤੇ 'ਡੀ' ਵੀ ਹੁੰਦੇ ਹਨ । ਪਨੀਰ ਕਿਉਂਕਿ ਪ੍ਰੋਟੀਨ ਯੁਕਤ ਘੱਟ ਸ਼ੂਗਰ ਵਾਲਾ ਪਦਾਰਥ ਹੈ, ਇਸ ਲਈ ਇਹ ਸ਼ੂਗਰ ਦੇ ਰੋਗੀਆਂ ਲਈ ਢੁੱਕਵਾਂ ਭੋਜਨ ਹੈ । ਸਪਰੇਟੇ ਦੁੱਧ ਤੋਂ ਵੀ ਪਨੀਰ ਬਣਾਇਆ ਜਾ ਸਕਦਾ ਹੈ ।

**ਪਨੀਰ ਬਣਾਉਣ ਦਾ ਤਰੀਕਾ** : ਸਭ ਤੋਂ ਪਹਿਲਾਂ ਸਟੇਨਲੈਸ ਸਟੀਲ ਦੇ ਬਰਤਨ ਵਿੱਚ ਦੁੱਧ ਨੂੰ ਗਰਮ ਕੀਤਾ ਜਾਂਦਾ ਹੈ । ਦੁੱਧ ਨੂੰ 82 ਡਿਗਰੀ ਸੈਂਟੀਗ੍ਰੇਡ ਉੱਪਰ ਪੰਜ ਮਿੰਟ ਲਈ ਗਰਮ ਕੀਤਾ ਜਾਂਦਾ ਹੈ ਅਤੇ ਫਿਰ 70 ਡਿਗਰੀ ਸੈਂਟੀਗ੍ਰੇਡ ਉੱਪਰ ਠੰਡਾ ਕੀਤਾ ਜਾਂਦਾ ਹੈ । ਗਰਮ ਕਰਦੇ ਸਮੇਂ ਦੁੱਧ ਨੂੰ ਲਗਾਤਾਰ ਸਟੇਨਲੈਸ ਸਟੀਲ ਦੇ ਖੁਰਚਣੇ ਨਾਲ ਹਿਲਾਉਂਦੇ ਰਹਿਣਾ ਚਾਹੀਦਾ ਹੈ । 70 ਡਿਗਰੀ ਸੈਂਟੀਗ੍ਰੇਡ ਉੱਪਰ ਸਿਟਰਿਕ ਐਸਿਡ ਜਾਂ ਲੈਕਟਿਕ ਐਸਿਡ ਦੇ 1-2 ਪ੍ਰਤੀਸ਼ਤ ਘੋਲ ਨੂੰ ਦੁੱਧ ਪਾੜਨ ਲਈ ਵਰਤਨਾ ਚਾਹੀਦਾ ਹੈ । ਜੇਕਰ 40 ਕਿਲੋ ਦੁੱਧ ਤੋਂ ਪਨੀਰ ਬਣਾਉਣਾ ਹੈ ਤਾਂ 80 ਗ੍ਰਾਮ ਸਿਟਰਿਕ ਐਸਿਡ 800 ਗ੍ਰਾਮ ਪਾਣੀ ਵਿੱਚ ਘੋਲ ਕੇ 70 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਾਲੇ ਦੁੱਧ ਵਿੱਚ ਥੋੜਾ ਥੋੜਾ 1/2 ਤੋਂ 1 ਮਿੰਟ ਦੇ ਦੌਰਾਨ ਪਾਓ । ਜਦੋਂ ਦੁੱਧ ਪੂਰੀ ਤਰ੍ਹਾਂ ਪਾੜ ਜਾਵੇ ਅਤੇ ਹਰੇ ਰੰਗ ਦੀ ਵੇਹ ਵਿਖਾਈ ਦੇਣ ਲੱਗ ਜਾਵੇ ਤਾਂ ਐਸਿਡ ਪਾਉਣਾ ਬੰਦ ਕਰ ਦਿਉ, ਇਸਨੂੰ ਇਸੇ ਹਾਲਤ ਵਿੱਚ ਪੰਜ ਮਿੰਟ ਰਹਿਣ ਦਿਓ । ਸਾਫ ਕੱਪੜੇ ਨਾਲ ਇਸ ਪਾਟੇ ਹੋਏ ਦੁੱਧ ਨੂੰ ਟੱਬ ਜਾਂ ਸਟੀਲ ਦੀ ਬਾਲਟੀ ਵਿੱਚ ਮਲਮਲ ਦੇ ਕੱਪੜੇ ਉੱਪਰ ਉਲਟਾ ਦਿਓ । ਵ੍ਹੇ ਟੱਬ/ਬਾਲਟੀ ਵਿੱਚ ਅਤੇ ਪਨੀਰ ਮਲਮਲ ਦੇ ਕੱਪੜੇ ਵਿੱਚ ਇਕੱਠਾ ਹੋ ਜਾਵੇਗਾ । ਪਨੀਰ ਨੂੰ 15-20 ਮਿੰਟ ਪ੍ਰੈਸ ਕਰਨ ਤੋਂ ਬਾਅਦ ਲੋੜੀਂਦੇ ਆਕਾਰ ਦੇ ਸਾਈਜ਼ ਕੱਟਕੇ ਠੰਡੇ ਪਾਣੀ ਵਿਚ ਜਿਸਦਾ ਤਾਪਮਾਨ 4 ਡਿਗਰੀ ਸੈਂਟੀਗ੍ਰੇਡ ਹੋਵੇ, ਉਸ ਵਿੱਚ ਡੁਬੋ ਦਿਓ । ਇੰਝ ਠੰਡੇ ਕੀਤੇ ਹੋਏ ਇਨ੍ਹਾਂ ਪਨੀਰ ਦੇ ਟੁਕੜਿਆਂ ਨੂੰ ਸਾਫ ਕੱਪੜੇ ਵਿੱਚ ਲਪੇਟ ਕੇ ਕੁਝ ਦੇਰ ਸਾਫ ਮੇਜ਼ ਉੱਪਰ ਰੱਖਿਆ ਜਾਂਦਾ ਹੈ ਤਾਂ ਜੋ ਪਨੀਰ ਦੀ ਸਤਹਿ ਉੱਪਰ ਲੱਗਿਆ ਪਾਣੀ ਨੁੱਚੜ ਜਾਵੇ । ਇਨ੍ਹਾਂ ਟੁਕੜਿਆਂ ਨੂੰ ਸਾਫ ਮਲਮਲ ਦੇ ਟੁਕੜਿਆਂ ਨਾਲ ਸੁਕਾ ਕੇ ਪੋਲੀਥੀਨ ਦੇ ਲਿਫਾਫਿਆਂ ਵਿਚ ਪਾਕੇ ਸੀਲ ਕੀਤਾ ਜਾਂਦਾ ਹੈ । ਸੀਲ ਕਰਦੇ ਸਮੇਂ ਲਿਫਾਫੇ ਵਿੱਚ ਹਵਾ ਨਹੀਂ ਰਹਿਣੀ ਚਾਹੀਦੀ । ਪਨੀਰ ਪੰਜ ਤੋਂ ਦਸ ਡਿਗਰੀ ਤਾਪਮਾਨ ਉੱਪਰ ਸਟੋਰ ਕੀਤਾ ਜਾ ਸਕਦਾ ਹੈ ।

**ਪਨੀਰ ਬਣਾਉਂਦੇ ਸਮੇਂ ਧਿਆਨ ਰੱਖਣ ਯੋਗ ਗੱਲਾਂ** :

★ ਦੁੱਧ ਤਾਜ਼ਾ ਅਤੇ ਉੱਤਮ ਕੁਆਲਿਟੀ ਦਾ ਹੋਣਾ ਚਾਹੀਦਾ ਹੈ ।

★ ਦੁੱਧ ਨੂੰ ਪਾੜਨ ਲਈ ਵਰਤਿਆ ਜਾਣ ਵਾਲਾ ਸਿਟਰਿਕ ਜਾਂ ਲੈਕਟਿਕ ਐਸਿਡ ਫੂਡ ਗਰੇਡ ਦੇ ਹੋਣੇ ਚਾਹੀਦੇ ਹਨ ।

★ ਪਨੀਰ ਵਿੱਚ ਜ਼ਿਆਦਾ ਨਮੀਂ ਹੋਣ ਨਾਲ ਉੱਲ੍ਹੀ ਲੱਗ ਸਕਦੀ ਹੈ । ਇਸ ਲਈ ਪਨੀਰ ਨੂੰ ਨਿਰਧਾਰਤ ਸਮੇਂ ਤੱਕ ਪ੍ਰੈਸ ਕਰਨਾ ਅਤੇ ਪੈਕਿੰਗ ਤੋਂ ਪਹਿਲਾਂ ਮਲਮਲ ਦੇ ਕੱਪੜੇ ਨਾਲ ਸੁਕਾਉਣਾ ਬਹੁਤ ਜ਼ਰੂਰੀ ਹੈ ।

★ ਘੱਟ ਫੈਟ ਵਾਲੇ ਦੁੱਧ ਤੋਂ ਬਣਾਇਆ ਪਨੀਰੀ ਸਖਤ ਹੋਵੇਗਾ ਅਤੇ ਇਹ ਮੁਲਾਇਮ ਨਹੀਂ ਹੋਵੇਗਾ ।

★ ਜ਼ਿਆਦਾ ਨਮੀਂ ਵਾਲਾ ਪਨੀਰ ਅਤੇ ਸਟੋਰ ਕਰਨ ਵੇਲੇ ਜ਼ਿਆਦਾ ਨਮੀਂ ਵਾਲੀ ਜਗ੍ਹਾ ਉੱਪਰ ਰੱਖਿਆ ਗਿਆ ਪਨੀਰ ਜਲਦੀ ਖਰਾਬ ਹੋ ਜਾਵੇਗਾ ।

★ ਦੁੱਧ ਦੱਸੇ ਹੋਏ ਤਾਪਮਾਨ (70 ਡਿਗਰੀ ਸੈਂਟੀਗ੍ਰੇਡ) ਤੇ ਹੀ ਪਾੜਨਾ ਚਾਹੀਦਾ ਹੈ । ਇਸ ਤੋਂ ਵੱਧ ਤਾਪਮਾਨ ਤੇ ਪਾੜਿਆ ਗਿਆ ਪਨੀਰ ਖੁਰਦਰਾ ਹੋ ਜਾਵੇਗਾ ।

★ ਮਾਰਕੀਟ ਦੇ ਵਿੱਚ ਨਿਰੋਲ ਦੁੱਧ ਦਾ ਪਨੀਰ ਕਾਫੀ ਪ੍ਰਚੱਲਤ ਹੈ । ਪਰੰਤੂ ਜੇ ਪਨੀਰ ਵਿੱਚ ਲੋੜ ਮੁਤਾਬਕ, ਜ਼ੀਰਾ, ਨਮਕ, ਮਸਾਲਾ, ਕਾਲੀ ਮਿਰਚ, ਪੁਦੀਨਾ ਆਦਿ ਪਾ ਕੇ ਵੱਖ ਵੱਖ ਤਰ੍ਹਾਂ ਦੇ ਪੈਕਿੰਗ ਤਿਆਰ ਕਰਕੇ ਵੇਚੇ ਤਾਂ ਹੋਰ ਵਧੇਰੇ ਮੁਨਾਫਾ ਲਿਆ ਜਾ ਸਕਦਾ ਹੈ ।

(ਚੱਲਦਾ)

**ਜੇ ਅੰਦੋਲਨ ਤੋਂ ਕੁੱਝ ਪਾਉਣ ਤੇ ਗਵਾਉਣ ਦੀ ਗੱਲ ਕਰੀਏ ਤਾਂ 2021 ਵਿੱਚ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਕਿਸਾਨਾਂ ਦੀ ਰਾਜਨੀਤਿਕ ਤਾਕਤ ਅਤੇ ਪਛਾਣ ਵਿੱਚ ਵਾਧਾ, ਐੱਮ. ਐੱਸ. ਪੀ. ਅਤੇ ਖੇਤੀ ਨੀਤੀਆਂ ਦੇ ਸਵਾਲਾਂ ਦਾ ਰਾਸ਼ਟਰੀ ਚਰਚਾ ਵਿੱਚ ਆਉਣਾ ਪਾਉਣ ਵਿੱਚ ਗਿਣਿਆ ਜਾ ਸਕਦਾ ਹੈ । ਪਰ ਜੇ ਗਵਾਉਣ ਦੀ ਗੱਲ ਕਰੀਏ ਤਾਂ ਸਭ ਤੋਂ ਵੱਡਾ ਨੁਕਸਾਨ ਅੰਦੋਲਨ ਦੀ ਏਕਤਾ ਟੁੱਟੀ ਅਤੇ ਆਗੂਆਂ ਵਿੱਚ ਵੰਡ ਵਧੀ, ਲੰਬੇ ਧਰਨਿਆਂ ਕਾਰਨ ਆਰਥਿਕ ਅਤੇ ਸਮਾਜਿਕ ਨੁਕਸਾਨ ਹੋਇਆ ਅਤੇ ਕਈ ਮੌਕਿਆਂ 'ਤੇ ਜਨਤਕ ਸਮਰਥਨ ਵਿੱਚ ਕਮੀ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਅਤੇ ਹੋਰ ਮੰਗਾਂ ਅਜੇ ਵੀ ਅਧੂਰੀਆਂ ਹਨ ।**

# ਕਿਸਾਨ ਅੰਦੋਲਨ

## ਪੰਜਾਬੀਆਂ ਨੇ ਕੀ ਪਾਇਆ ਤੇ ਕੀ ਗਵਾਇਆ



ਪੰਜਾਬ ਦੇ ਕਿਸਾਨ ਅੰਦੋਲਨ ਨੂੰ ਸਮਝਣ ਲਈ 2021 ਅਤੇ 2024 ਦੇ ਦੋਵੇਂ ਪੜਾਵਾਂ ਨੂੰ ਇਕੱਠੇ ਦੇਖਣਾ ਜ਼ਰੂਰੀ ਹੈ । ਜੂਨ 2020 ਵਿੱਚ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨਾਂ ਦੇ ਪਾਸ ਹੋਣ ਤੋਂ ਬਾਅਦ ਅਗਸਤ ਵਿੱਚ ਧਰਨਿਆਂ ਅਤੇ ਸਤੰਬਰ ਵਿੱਚ ਰੇਲ ਰੋਕੋ ਦੇ ਹੋਕੇ ਨਾਲ ਸ਼ੁਰੂ ਹੋਇਆ ਕਿਸਾਨ ਅੰਦੋਲਨ ਨਵੰਬਰ 2020 ਵਿੱਚ ਕਿਸਾਨ ਸੰਗਠਨਾਂ ਵੱਲੋਂ ਦਿੱਲੀ ਚੱਲੋ ਦੇ ਪ੍ਰੋਗਰਾਮ ਨਾਲ ਅਧਿਕਾਰਿਤ ਤੌਰ 'ਤੇ ਸ਼ੁਰੂ ਹੋਇਆ, ਜਿਸ ਦਾ ਮੁੱਖ ਉਦੇਸ਼ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਕਰਵਾਉਣਾ ਸੀ, ਜਦਕਿ 2024 ਵਿੱਚ ਕੇਂਦਰੀ ਮੁੱਦਾ ਸਾਰੀਆਂ



ਮੁੱਖ ਫ਼ਸਲਾਂ ਲਈ ਦੇਸ਼ ਭਰ ਵਿੱਚ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਅਤੇ ਕਈ ਹੋਰ ਮੰਗਾਂ ਬਣ ਗਈਆਂ । ਇਹੀ ਫਰਕ ਅੱਜ ਦੇ ਡੈੱਡਲਾਕ ਨੂੰ ਸਮਝਣ ਦੀ ਕੁੰਜੀ ਹੈ ।

2020 ਵਿੱਚ ਕੇਂਦਰ ਵੱਲੋਂ ਤਿੰਨ ਖੇਤੀ ਕਾਨੂੰਨ ਲਿਆਂਦੇ ਜਾਣ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਤੋਂ ਸ਼ੁਰੂ ਹੋਇਆ ਅੰਦੋਲਨ ਨਵੰਬਰ 2020 ਵਿੱਚ ਦਿੱਲੀ ਦੀਆਂ ਸਰਹੱਦਾਂ ਤੱਕ ਪਹੁੰਚ ਗਿਆ । ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਸਮੇਤ ਕਈ ਮੋਰਚਿਆਂ 'ਤੇ ਕਿਸਾਨ ਲੰਬੇ ਸਮੇਂ ਤੱਕ ਡਟੇ ਰਹੇ । 2021 ਵਿੱਚ ਕੇਂਦਰ ਅਤੇ ਕਿਸਾਨ ਆਗੂਆਂ ਵਿਚਾਲੇ ਕਈ ਦੌਰ ਦੀਆਂ ਮੀਟਿੰਗਾਂ ਹੋਈਆਂ ਪਰ ਕੋਈ ਸਮਝੌਤਾ ਨਾ ਹੋਇਆ ।

26 ਜਨਵਰੀ, 2021 ਨੂੰ ਲਾਲ ਕਿਲੇ ਦੀ ਘਟਨਾ ਨੇ ਅੰਦੋਲਨ ਨੂੰ ਵੱਡਾ ਝਟਕਾ ਦਿੱਤਾ ਪਰ ਕਿਸਾਨ ਮੋਰਚਾ ਟੁੱਟਿਆ ਨਹੀਂ । ਆਖ਼ਰ 19 ਨਵੰਬਰ, 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਤਿੰਨੋਂ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਅਤੇ 29 ਨਵੰਬਰ ਨੂੰ ਸੰਸਦ ਨੇ ਇਹ ਖੇਤੀ ਕਾਨੂੰਨ ਖਤਮ ਕਰਨ ਦਾ ਕਾਨੂੰਨ ਪਾਸ ਕਰ ਦਿੱਤਾ ।

ਇੱਥੇ ਇੱਕ ਮਹੱਤਵਪੂਰਨ ਗੱਲ ਇਹ ਸੀ ਕਿ 2021 ਵਿੱਚ ਕਿਸਾਨ ਆਗੂਆਂ ਦੀ ਏਕਤਾ ਅਤੇ ਇੱਕ ਸਪੱਸ਼ਟ ਮੁੱਖ ਮੰਗ ਖੇਤੀ ਕਾਨੂੰਨਾਂ ਦੀ ਵਾਪਸੀ ਸੀ, ਜਿਸ ਨੇ ਸਰਕਾਰ 'ਤੇ ਵੱਡਾ ਦਬਾਅ ਬਣਾਇਆ । ਭਾਵੇਂ ਕਾਨੂੰਨ ਵਾਪਸ ਹੋਣ ਤੋਂ ਬਾਅਦ, ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਸਮੇਤ ਹੋਰ ਮੰਗਾਂ ਅਧੂਰੀਆਂ ਰਹਿ ਗਈਆਂ ।

ਅਧੂਰੀਆਂ ਰਹਿ ਗਈਆਂ ਮੰਗਾਂ ਮਨਵਾਉਣ ਲਈ ਫਰਵਰੀ 2024 ਨੂੰ ਐੱਸ. ਕੇ. ਐੱਮ. (ਗੈਰ ਰਾਜਨੀਤਕ) ਨਾਲ ਜੁੜੀਆਂ ਜਥੇਬੰਦੀਆਂ ਨੇ ਡੱਲੇਵਾਲ ਦੀ ਅਗਵਾਈ ਵਿੱਚ ਮੁੜ "ਦਿੱਲੀ ਚੱਲੋ" ਦਾ ਸੱਦਾ ਦਿੱਤਾ । ਇਸ ਵਾਰ ਮੰਗਾਂ ਦਾ ਕੇਂਦਰ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਨਹੀਂ ਸੀ, ਕਿਉਂਕਿ ਉਹ ਪਹਿਲਾਂ ਹੀ ਰੱਦ ਹੋ ਚੁੱਕੇ ਸਨ । ਹੁਣ ਐੱਮ. ਐੱਸ. ਪੀ. ਨੂੰ ਕਾਨੂੰਨੀ ਹੱਕ ਬਣਾਉਣਾ, ਕਿਸਾਨਾਂ ਦੀ ਕਰਜ਼ਾ ਮੁਆਫ਼ੀ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਤੇ ਹੋਰ ਖੇਤੀ ਮਸਲੇ ਕੇਂਦਰ ਵਿੱਚ ਆ ਗਏ ।

ਹਰਿਆਣਾ ਸਰਹੱਦ 'ਤੇ ਕਿਸਾਨਾਂ ਨੂੰ ਰੋਕਣ ਲਈ ਬੈਰੀਕੇਡ, ਅੱਥਰੂ ਗੈਸ ਅਤੇ ਹੋਰ ਸੁਰੱਖਿਆ ਪ੍ਰਬੰਧ ਕੀਤੇ ਗਏ । ਦਿੱਲੀ ਪਹੁੰਚਣ ਦੀ ਬਜਾਏ ਮੁੱਖ ਮੋਰਚੇ ਸ਼ੰਭੂ ਅਤੇ ਖਨੌਰੀ 'ਤੇ ਟਿਕ ਗਏ । ਇਸ ਤਰ੍ਹਾਂ "ਦਿੱਲੀ ਚੱਲੋ" ਮੋਰਚਾ ਹੌਲੀ-ਹੌਲੀ ਸ਼ੰਭੂ-ਖਨੌਰੀ ਮੋਰਚੇ ਵਿੱਚ ਤਬਦੀਲ ਹੋ

**ਇਕਬਾਲ ਸਿੰਘ ਚੰਨੀ**

ਗਿਆ ।

26 ਨਵੰਬਰ, 2024 ਨੂੰ ਜਗਜੀਤ ਸਿੰਘ ਡੱਲੇਵਾਲ ਨੇ ਖਨੌਰੀ ਵਿੱਚ ਮਰਨ ਵਰਤ ਸ਼ੁਰੂ ਕੀਤਾ । ਇਸ ਨਾਲ ਅੰਦੋਲਨ ਨੂੰ ਨਵੀਂ ਤਾਕਤ ਮਿਲੀ । ਕੇਂਦਰ ਨਾਲ ਕਈ ਮੀਟਿੰਗਾਂ ਹੋਈਆਂ ਪਰ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ 'ਤੇ ਕੋਈ ਅੰਤਿਮ ਸਹਿਮਤੀ ਨਾ ਬਣੀ । ਸਗੋਂ ਕਿਸਾਨ ਆਗੂਆਂ ਨੇ ਇੱਕ ਦੂਜੇ 'ਤੇ ਇਲਜ਼ਾਮ ਬਾਜ਼ੀ ਸ਼ੁਰੂ ਕਰ ਦਿੱਤੀ ।

2021 ਦੇ ਅੰਦੋਲਨ ਦੀ ਕਾਮਯਾਬੀ ਦੇ ਬਾਵਜੂਦ ਇੱਕ ਵੱਡੀ ਕਮਜ਼ੋਰੀ ਕਿਸਾਨ ਆਗੂਆਂ ਵਿਚਲੀ ਵੰਡ ਦੇ ਰੂਪ ਵਿੱਚ ਸਾਹਮਣੇ ਆ ਗਈ । 2021 ਤੋਂ ਬਾਅਦ ਕਿਸਾਨ ਆਗੂਆਂ ਦਾ ਇੱਕ ਹਿੱਸਾ ਚੋਣ ਰਾਜਨੀਤੀ ਵਿੱਚ ਆ ਗਿਆ ਅਤੇ ਸੰਯੁਕਤ ਸਮਾਜ ਮੋਰਚਾ ਬਣਾਇਆ ਗਿਆ । ਬਲਬੀਰ ਸਿੰਘ ਰਾਜੇਵਾਲ ਇਸ ਪ੍ਰਕਿਰਿਆ ਦਾ ਮੁੱਖ ਚਿਹਰਾ ਸਨ । ਦੂਜੇ ਪਾਸੇ ਜਗਜੀਤ ਸਿੰਘ ਡੱਲੇਵਾਲ ਸਨ ਜੋ ਚੋਣ ਲੜਨ ਦੇ ਵਿਰੁੱਧ ਸਨ ਜਿਸ ਕਾਰਨ ਪਹਿਲਾਂ ਵਾਲੀ ਕਿਸਾਨ ਏਕਤਾ ਨੂੰ ਝਟਕਾ ਲੱਗਿਆ ।

ਰਾਜੇਵਾਲ ਨੇ ਵਾਰ-ਵਾਰ ਇਹ ਸਵਾਲ ਉਠਾਇਆ ਕਿ ਕਿਸਾਨ ਅੰਦੋਲਨ ਨੂੰ ਇਕਜੁੱਟ ਰਣਨੀਤੀ ਅਤੇ ਸਾਂਝੀ ਲੀਡਰਸ਼ਿਪ ਦੀ ਲੋੜ ਹੈ । ਦੂਜੇ ਪਾਸੇ ਡੱਲੇਵਾਲ ਵੱਲੋਂ ਵੀ ਹੋਰ ਕਿਸਾਨ ਆਗੂਆਂ ਦੀ ਰਣਨੀਤੀ ਅਤੇ ਅੰਦੋਲਨ ਪ੍ਰਤੀ ਭੂਮਿਕਾ 'ਤੇ ਸਵਾਲ ਉਠਾਏ ਗਏ । ਇਸ ਤਰ੍ਹਾਂ ਅੱਜ ਕਿਸਾਨ ਅੰਦੋਲਨ ਦੀ ਲੜਾਈ ਕੇਵਲ ਕੇਂਦਰ ਸਰਕਾਰ ਨਾਲ ਨਹੀਂ ਸਗੋਂ ਆਗੂਆਂ ਵਿਚਾਲੇ ਰਣਨੀਤੀ ਅਤੇ ਭਰੋਸੇ ਦੀ ਲੜਾਈ ਵੀ ਬਣ ਗਈ ਹੈ ।

ਸਵਾਲ ਉੱਠ ਰਿਹਾ ਹੈ ਕਿ ਪੰਜ ਸਾਲਾਂ ਦੇ ਵਕਫ਼ੇ ਤੋਂ ਬਾਅਦ ਵੀ ਕੇਂਦਰ ਤੇ ਕਿਸਾਨਾਂ ਵਿੱਚ ਪੈਦਾ ਹੋਇਆ ਡੈੱਡਲਾਕ ਕਿਉਂ ਨਹੀਂ ਟੁੱਟ ਰਿਹਾ, ਕਾਰਨ 2021 ਅਤੇ 2024 ਦੀਆਂ ਮੰਗਾਂ ਵਿੱਚ ਵੱਡਾ ਫ਼ਰਕ ਹੈ । 2021 ਵਿੱਚ ਕੇਂਦਰ ਕੋਲ ਤਿੰਨ ਕਾਨੂੰਨ ਵਾਪਸ ਲੈਣ ਦਾ ਸਪੱਸ਼ਟ ਰਸਤਾ ਸੀ । 2024-26 ਵਿੱਚ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਦਾ ਮਸਲਾ ਕਿਤੇ ਵਧੇਰੇ ਜਟਿਲ ਹੈ । ਇਸ ਦਾ ਸੰਬੰਧ ਸਰਕਾਰੀ ਖਰੀਦ, ਮੰਡੀਆਂ, ਬਾਜ਼ਾਰ, ਵਿੱਤੀ ਬੋਝ ਅਤੇ ਫ਼ਸਲੀ ਪੈਟਰਨ ਨਾਲ ਹੈ ।

ਇਸ ਮਸਲੇ 'ਤੇ ਪੰਜਾਬ ਸਰਕਾਰ ਦੀ ਸਥਿਤੀ ਦੋਹਰੀ ਰਹੀ । ਇੱਕ ਪਾਸੇ ਸਰਕਾਰ ਕਿਸਾਨਾਂ ਨਾਲ ਹਮਦਰਦੀ ਅਤੇ ਕੇਂਦਰ 'ਤੇ ਦਬਾਅ ਦੀ ਗੱਲ ਕਰਦੀ ਰਹੀ, ਦੂਜੇ ਪਾਸੇ ਸ਼ੰਭੂ ਅਤੇ ਖਨੌਰੀ 'ਤੇ ਲੰਬੇ ਸਮੇਂ ਤੋਂ ਬੰਦ ਰਾਸ਼ਟਰੀ ਮਾਰਗਾਂ ਕਾਰਨ ਆਵਾਜਾਈ ਅਤੇ ਕਾਨੂੰਨ-ਵਿਵਸਥਾ ਦਾ ਸਵਾਲ ਵੀ ਖੜ੍ਹਾ ਹੋਇਆ ਜਿਸ ਕਾਰਨ 19 ਮਾਰਚ 2025 ਨੂੰ ਪੰਜਾਬ ਪੁਲਸ ਨੇ ਸ਼ੰਭੂ ਅਤੇ ਖਨੌਰੀ ਦੇ ਮੋਰਚੇ ਖਾਲੀ ਕਰਵਾਏ ਅਤੇ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ । ਇਸ ਕਾਰਵਾਈ ਨੂੰ ਡੱਲੇਵਾਲ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਜ਼ਬਰਦਸਤੀ ਧਰਨਾ ਚੁਕਵਾਉਣ ਵਜੋਂ ਦੇਖਿਆ । 2026 ਵਿੱਚ ਵੀ ਐੱਮ. ਐੱਸ. ਪੀ., ਕਰਜ਼ਾ ਮੁਆਫ਼ੀ, ਪਾਣੀ, ਫ਼ਸਲੀ ਵਿਭਿੰਨਤਾ ਅਤੇ ਕਿਸਾਨੀ ਨੂੰ ਆਰਥਿਕ ਮੁਨਾਫ਼ਾ ਵਰਗੇ ਮੁੱਦੇ ਕਿਸਾਨ ਸੰਘਰਸ਼ ਦੇ ਮੁੱਖ ਮੁੱਦੇ ਹਨ । 2026 ਵਿੱਚ ਐੱਸ. ਕੇ. ਐੱਮ. ਗੈਰ-ਰਾਜਨੀਤਕ ਨੇ ਪੰਜਾਬ ਭਰ ਵਿੱਚ ਧਰਨਿਆਂ ਰਾਹੀਂ ਐੱਮ. ਐੱਸ. ਪੀ. ਦੀ ਕਾਨੂੰਨੀ ਗਰਟੀ, ਕਿਸਾਨ-ਮਜ਼ਦੂਰ ਕਰਜ਼ਾ ਮੁਆਫ਼ੀ ਸਮੇਤ ਕਈ ਮੰਗਾਂ ਉਠਾਈਆਂ ।

ਇਸੇ ਦੌਰਾਨ ਜਗਜੀਤ ਸਿੰਘ ਡੱਲੇਵਾਲ ਵੱਲੋਂ 16 ਅਗਸਤ, 2026 ਤੋਂ ਪੰਜਾਬ ਅਤੇ ਹਰਿਆਣਾ ਦੇ ਕਈ ਜ਼ਿਲ੍ਹਿਆਂ ਵਿੱਚ ਕਿਸਾਨ ਐਜੀਟੇਸ਼ਨ ਸ਼ੁਰੂ ਕੀਤੀ ਗਈ ਹੈ । ਜਿਸ ਵਿੱਚ ਸੜਕਾਂ ਜਾਮ, ਰੇਲ ਰੋਕੋ ਪ੍ਰਦਰਸ਼ਨ ਅਤੇ ਸਰਕਾਰੀ ਦਫ਼ਤਰਾਂ ਅੱਗੇ ਧਰਨੇ ਸ਼ਾਮਲ ਸਨ । ਕਈ ਥਾਵਾਂ 'ਤੇ ਹਿਰਾਸਤਾਂ ਅਤੇ ਟਕਰਾਅ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ, ਜਿਸ ਨਾਲ ਸਥਿਤੀ ਹੋਰ ਤਣਾਅਪੂਰਨ ਬਣੀ ਪਰ ਹੁਣ ਕਿਸਾਨ ਆਗੂਆਂ ਤੇ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਨਾਲ ਗੱਲਬਾਤ ਹੋਣ ਤੋਂ ਬਾਅਦ ਡੱਲੇਵਾਲ ਦੇ ਸਾਥੀਆਂ ਦੀ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨਾਲ 4 ਸਤੰਬਰ ਨੂੰ ਬੈਠਕ ਤੈਅ ਹੋਣ ਕਾਰਨ ਖਨੌਰੀ ਦਾ ਧਰਨਾ ਮੁਲਤਵੀ ਕਰ ਦਿੱਤਾ ਹੈ ।

ਜੇ ਅੰਦੋਲਨ ਤੋਂ ਕੁੱਝ ਪਾਉਣ ਤੇ ਗਵਾਉਣ ਦੀ ਗੱਲ ਕਰੀਏ ਤਾਂ 2021 ਵਿੱਚ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਕਿਸਾਨਾਂ ਦੀ ਰਾਜਨੀਤਿਕ ਤਾਕਤ ਅਤੇ ਪਛਾਣ ਵਿੱਚ ਵਾਧਾ, ਐੱਮ. ਐੱਸ. ਪੀ. ਅਤੇ ਖੇਤੀ ਨੀਤੀਆਂ ਦੇ ਸਵਾਲਾਂ ਦਾ ਰਾਸ਼ਟਰੀ ਚਰਚਾ ਵਿੱਚ ਆਉਣਾ ਪਾਉਣ ਵਿੱਚ ਗਿਣਿਆ ਜਾ ਸਕਦਾ ਹੈ ।

ਪਰ ਜੇ ਗਵਾਉਣ ਦੀ ਗੱਲ ਕਰੀਏ ਤਾਂ ਸਭ ਤੋਂ ਵੱਡਾ ਨੁਕਸਾਨ ਅੰਦੋਲਨ ਦੀ ਏਕਤਾ ਟੁੱਟੀ ਅਤੇ ਆਗੂਆਂ ਵਿੱਚ ਵੰਡ ਵਧੀ, ਲੰਬੇ ਧਰਨਿਆਂ ਕਾਰਨ ਆਰਥਿਕ ਅਤੇ ਸਮਾਜਿਕ ਨੁਕਸਾਨ ਹੋਇਆ ਅਤੇ ਕਈ ਮੌਕਿਆਂ 'ਤੇ ਜਨਤਕ ਸਮਰਥਨ ਵਿੱਚ ਕਮੀ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਅਤੇ ਹੋਰ ਮੰਗਾਂ ਅਜੇ ਵੀ ਅਧੂਰੀਆਂ ਹਨ ।

ਪਰ ਇਸ ਡੈੱਡਲਾਕ ਨੂੰ ਖ਼ਤਮ ਕਰਨ ਲਈ ਦੋਵੇਂ ਧਿਰਾਂ ਚਾਹੇ ਸਰਕਾਰ ਹੋਵੇ ਜਾਂ ਫਿਰ ਕਿਸਾਨ, ਨੂੰ ਇੱਕ ਲਚਕੀਲੀ ਨੀਤੀ ਅਪਨਾਉਣੀ ਪਵੇਗੀ ਅਤੇ ਕਿਸਾਨ ਆਗੂਆਂ ਨੂੰ ਸਾਰੀਆਂ ਮੰਗਾਂ ਇੱਕ ਸੱਟੇ ਮੰਨਣ ਜਾਂ ਲਾਗੂ ਕਰਨ ਦੀ ਜ਼ਿੱਦ ਕਰਨ ਨਾਲੋਂ ਮੰਗਾਂ ਨੂੰ ਪੜ੍ਹਾਅ ਵਾਰ ਲਾਗੂ ਕਰਨ ਲਈ ਸਰਕਾਰ ਨਾਲ ਗੱਲਬਾਤ ਕਰ ਕੇ ਆਪਸੀ ਸਹਿਮਤੀ ਬਣਾਉਣ ਦੀ ਲੋੜ ਹੈ ।



# ਇੱਕ ਗਮਲਾ – ਤਿੰਨ ਫ਼ਸਲਾਂ

## ਸਮਾਰਟ ਕਿਚਨ ਗਾਰਡਨਿੰਗ ਦਾ ਨਵਾਂ ਅਸੂਲ

ਅਨੂ ਆਰ.

ਅੱਜ ਦੇ ਸਮੇਂ ਵਿੱਚ ਜ਼ਿਆਦਾਤਰ ਸ਼ਹਿਰਾਂ ਅਤੇ ਕਸਬਿਆਂ ਵਿੱਚ ਲੋਕਾਂ ਨੂੰ ਬਾਗਬਾਨੀ ਕਰਨ ਦਾ ਸ਼ੌਕ ਤਾਂ ਹੈ, ਪਰ ਥਾਂ ਦੀ ਕਮੀ ਸਭ ਤੋਂ ਵੱਡੀ ਰੁਕਾਵਟ ਬਣ ਜਾਂਦੀ ਹੈ। ਛੋਟੀ ਬਾਲਕੋਨੀ, ਛੱਤ ਦਾ ਸੀਮਤ ਹਿੱਸਾ ਜਾਂ ਕੁਝ ਗਮਲੇ ਹੀ ਉਪਲੱਬਧ ਹੁੰਦੇ ਹਨ। ਅਜਿਹੇ ਵਿੱਚ ਜੇਕਰ ਇੱਕ ਹੀ ਗਮਲੇ ਵਿੱਚ ਦੋ ਜਾਂ ਤਿੰਨ ਤਰ੍ਹਾਂ ਦੀਆਂ ਸਬਜ਼ੀਆਂ ਅਤੇ ਮਸਾਲੇ ਉਗਾਏ ਜਾ ਸਕਣ ਤਾਂ ਇਹ ਕਿਸੇ ਬੋਨਸ ਤੋਂ ਘੱਟ ਨਹੀਂ। ਇਹੀ ਹੈ ਕੰਪਨੀਅਨ ਪਲਾਂਟਿੰਗ ਅਤੇ ਇੰਟਰਕ੍ਰਾਪਿੰਗ ਦੀ ਤਕਨੀਕ, ਜਿਸ ਨੂੰ ਹੁਣ ਕਿਚਨ ਗਾਰਡਨਿੰਗ ਦੀ ਦੁਨੀਆਂ ਵਿੱਚ ਤੇਜ਼ੀ ਨਾਲ ਅਪਣਾਇਆ ਜਾ ਰਿਹਾ ਹੈ। ਇਹ ਤਕਨੀਕ ਸਿਰਫ ਥਾਂ ਬਚਾਉਣ ਦਾ ਤਰੀਕਾ ਨਹੀਂ ਹੈ, ਸਗੋਂ ਬੂਟਿਆਂ ਦੀਆਂ ਕੁਦਰਤੀ ਜ਼ਰੂਰਤਾਂ ਨੂੰ ਸਮਝ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਨਾਲ ਲਗਾਇਆ ਜਾਂਦਾ ਹੈ ਕਿ ਉਹ ਇੱਕ-ਦੂਜੇ ਦੇ ਵਾਧੇ ਵਿੱਚ ਮੱਦਦ ਕਰਨ। ਕੁਝ ਬੂਟੇ ਮਿੱਟੀ ਨੂੰ ਬੇਹਤਰ ਬਣਾਉਂਦੇ ਹਨ, ਕੁਝ ਕੀੜਿਆਂ ਨੂੰ ਦੂਰ ਰੱਖਦੇ ਹਨ, ਜਦੋਂਕਿ ਕੁਝ ਘੱਟ ਧੁੱਪ ਜਾਂ ਘੱਟ ਥਾਂ ਵਿੱਚ ਵੀ ਸੌਖਿਆਂ ਨਾਲ ਵਿਕਸਿਤ ਹੋ ਜਾਂਦੇ ਹਨ। ਨਤੀਜੇ ਵਜੋਂ ਇੱਕ ਗਮਲਾ ਛੋਟੇ ਜਿਹੇ ਜੈਵਿਕ ਪ੍ਰਸਿਥੀ ਤੰਤਰ ਵਿੱਚ ਬਦਲ ਜਾਂਦਾ ਹੈ। ਸਤੰਬਰ ਮਹੀਨਾ ਇਸ ਤਕਨੀਕ ਨੂੰ ਅਪਣਾਉਣ ਲਈ ਸਭ ਤੋਂ ਸਹੀ ਮੰਨਿਆ ਜਾਂਦਾ ਹੈ। ਮੌਨਸੂਨ ਕਾਰਨ ਮਿੱਟੀ ਵਿੱਚ ਭਰਪੂਰ ਨਮੀ ਰਹਿੰਦੀ ਹੈ ਅਤੇ ਬੂਟਿਆਂ ਦਾ ਵਾਧਾ ਵੀ ਤੇਜ਼ ਹੁੰਦਾ ਹੈ। ਜੇਕਰ ਇਸ ਸਮੇਂ ਸਹੀ ਯੋਜਨਾ ਨਾਲ ਬੂਟੇ ਲਗਾਏ ਜਾਣ ਤਾਂ ਅਗਲੇ ਦੋ-ਤਿੰਨ ਮਹੀਨਿਆਂ ਤੱਕ ਘਰ ਦੀ ਰਸੋਈ ਵਿੱਚ ਤਾਜ਼ੀ ਅਤੇ ਜੈਵਿਕ ਸਬਜ਼ੀਆਂ ਦੀ ਭਰਪੂਰਤਾ ਬਣੀ ਰਹਿ ਸਕਦੀ ਹੈ।

ਸਭ ਤੋਂ ਹਰਮਨ-ਪਿਆਰਾ ਹੈ ਟਮਾਟਰ, ਤੁਲਸੀ ਅਤੇ ਧਨੀਆ। ਵੱਡੇ ਗਮਲੇ ਵਿਚਾਲੇ ਟਮਾਟਰ ਦਾ ਬੂਟਾ ਲਗਾਇਆ ਜਾਂਦਾ ਹੈ। ਉਸ ਦੇ ਆਲੇ-ਦੁਆਲੇ ਤੁਲਸੀ ਅਤੇ ਕਿਨਾਰਿਆਂ 'ਤੇ ਧਨੀਆ ਬੀਜ ਦਿੱਤਾ ਜਾਂਦਾ ਹੈ। ਤੁਲਸੀ ਦੀ ਸੁਗੰਧ ਕਈ ਹਾਨੀਕਾਰਕ ਕੀੜਿਆਂ ਨੂੰ ਦੂਰ ਰੱਖਣ ਵਿੱਚ ਮਦਦ ਕਰਦੀ ਹੈ, ਜਦੋਂਕਿ ਧਨੀਆ ਘੱਟ ਥਾਂ ਵਿੱਚ ਤੇਜ਼ੀ ਨਾਲ ਤਿਆਰ ਹੋ ਜਾਂਦਾ ਹੈ। ਇਸ ਤਰ੍ਹਾਂ ਇੱਕ ਹੀ ਗਮਲੇ ਤੋਂ ਤਿੰਨ ਲਾਹੇਵੰਦ ਫ਼ਸਲਾਂ ਮਿਲਦੀਆਂ ਹਨ।

ਇਸੇ ਤਰ੍ਹਾਂ ਬੈਂਗਣ, ਪਾਲਕ ਅਤੇ ਹਰਾ ਪਿਆਜ਼ ਦਾ ਸੰਯੋਜਨ ਵੀ ਕਾਫ਼ੀ ਸਫਲ ਮੰਨਿਆ ਜਾਂਦਾ ਹੈ। ਬੈਂਗਣ ਉੱਪਰ ਵੱਲ ਨੂੰ ਵਧਦਾ ਹੈ, ਪਾਲਕ ਜ਼ਮੀਨ ਦੀ ਤਹਿ ਨੂੰ ਢੱਕ ਕੇ ਨਮੀ ਬਣਾਈ ਰੱਖਦੀ ਹੈ ਅਤੇ ਹਰਾ ਪਿਆਜ਼ ਕਿਨਾਰਿਆਂ 'ਤੇ ਸੌਖਿਆਂ ਨਾਲ ਉੱਗ ਜਾਂਦਾ ਹੈ। ਇਸ ਨਾਲ ਮਿੱਟੀ ਛੇਤੀ ਸੁੱਕਦੀ ਵੀ ਨਹੀਂ ਅਤੇ ਘਾਹ-ਫੂਸ ਵੀ ਘੱਟ ਨਿਕਲਦਾ ਹੈ। ਜੇਕਰ ਤੁਹਾਡੇ ਕੋਲ ਵੇਲ ਵਾਲੀਆਂ ਸਬਜ਼ੀਆਂ ਲਈ ਥੋੜ੍ਹਾ ਸਹਾਰਾ ਉਪਲੱਬਧ ਹੋਵੇ ਤਾਂ ਲੌਕੀ ਜਾਂ ਖੀਰੇ ਦੇ ਨਾਲ ਮੇਥੀ ਅਤੇ ਧਨੀਆ ਵੀ ਲਗਾਇਆ ਜਾ ਸਕਦਾ ਹੈ। ਵੇਲ ਉਪਰ ਚੜ੍ਹ ਜਾਂਦੀ ਹੈ, ਜਦੋਂਕਿ ਹੇਠਾਂ ਦੀ ਥਾਂ ਦੀ ਵਰਤੋਂ ਪੱਤੇਦਾਰ ਸਬਜ਼ੀਆ ਕਰ ਲੈਂਦੀਆਂ ਹਨ। ਇਸ ਨਾਲ ਇੱਕ ਗਮਲੇ ਦੀ ਪੂਰੀ ਵਰਤੋਂ ਹੋ ਜਾਂਦੀ ਹੈ।

ਕੰਪੈਨੀਅਨ ਪਲਾਂਟਿੰਗ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਰਸਾਇਣਿਕ ਕੀਟਨਾਸ਼ਕਾਂ ਦੀਆਂ ਜ਼ਰੂਰਤਾਂ ਘੱਟ ਪੈਂਦੀਆਂ ਹਨ।



ਉਦਾਹਰਨ ਲਈ ਗੇਂਦਾ, ਤੁਲਸੀ, ਪੁਦੀਨਾ ਜਾਂ ਲੈਮਨਗ੍ਰਾਸ ਵਰਗੇ ਬੂਟਿਆਂ ਦੀ ਸੁਗੰਧ ਕਈ ਹਾਨੀਕਾਰਕ ਕੀੜਿਆਂ ਨੂੰ ਦੂਰ ਰੱਖਦੀ ਹੈ। ਜੇਕਰ ਇਨ੍ਹਾਂ ਨੂੰ ਸਬਜ਼ੀਆਂ ਨਾਲ ਲਗਾਇਆ ਜਾਵੇ ਤਾਂ ਬੂਟੇ ਜ਼ਿਆਦਾ ਸਿਹਤਮੰਦ ਰਹਿੰਦੇ ਹਨ। ਹਾਲਾਂਕਿ ਇਸ ਤਕਨੀਕ ਵਿੱਚ ਕੁਝ ਸਾਵਧਾਨੀਆਂ ਵੀ ਜ਼ਰੂਰੀ ਹਨ। ਅਜਿਹੇ ਬੂਟਿਆਂ ਨੂੰ ਨਾਲ-ਨਾਲ ਨਹੀਂ ਲਗਾਉਣਾ ਚਾਹੀਦਾ, ਜਿਨ੍ਹਾਂ ਦੀ ਪੋਸ਼ਕ ਤੱਤਾਂ ਦੀ ਮੰਗ ਇਕੋ ਜਿਹੀ ਹੋਵੇ ਜਾਂ ਜਿਨ੍ਹਾਂ ਦੀਆਂ ਜੜ੍ਹਾਂ ਬਹੁਤ ਫੈਲਦੀਆਂ ਹੋਣ। ਉਦਾਹਰਨ ਲਈ ਆਲੂ ਅਤੇ ਟਮਾਟਰ ਇੱਕ ਹੀ ਪਰਿਵਾਰ ਦੇ ਬੂਟੇ ਹਨ ਅਤੇ ਬਰਾਬਰ ਰੋਗਾਂ ਤੋਂ ਪ੍ਰਭਾਵਿਤ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਇੱਕ ਹੀ ਗਮਲੇ ਵਿੱਚ ਲਗਾਉਣ ਤੋਂ ਬਚਣਾ ਚਾਹੀਦਾ ਹੈ। ਗਮਲੇ ਦੀ ਚੋਣ ਵੀ ਮਹੱਤਵਪੂਰਨ ਹੈ। ਘੱਟ ਤੋਂ ਘੱਟ 16 ਤੋਂ 18 ਇੰਚ ਚੌੜਾ ਅਤੇ ਡੂੰਘਾ ਗਮਲਾ ਇਸ ਤਕਨੀਕ ਲਈ ਸਹੀ ਰਹਿੰਦਾ ਹੈ। ਮਿੱਟੀ ਵਿੱਚ ਲਗਭਗ 40 ਫੀਸਦੀ ਬਗੀਚੇ ਦੀ ਮਿੱਟੀ, 30 ਫੀਸਦੀ ਚੰਗੀ ਕੰਪੋਸਟ, 20 ਫੀਸਦੀ ਕੋਕੋਪੀਟ ਅਤੇ 10 ਫੀਸਦੀ ਰੇਤ ਮਿਲਾਉਣ ਨਾਲ ਬੂਟਿਆਂ ਨੂੰ ਭਰਪੂਰ ਪੋਸ਼ਣ ਅਤੇ ਪਾਣੀ ਨਿਕਾਸ ਮਿਲਦਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇੱਕ ਪਰਿਵਾਰ ਸਿਰਫ 8-10 ਵੱਡੇ ਗਮਲਿਆਂ ਵਿੱਚ ਵਿਗਿਆਨਕ ਢੰਗ ਨਾਲ ਕੰਪੈਨੀਅਨ ਪਲਾਂਟਿੰਗ ਅਪਣਾਉਣ ਤਾਂ ਸਾਲ ਦਾ ਜ਼ਿਆਦਾਤਰ ਸਮਾਂ ਧਨੀਆ, ਪਾਲਕ, ਮੇਥੀ, ਹਰੀ ਮਿਰਚ, ਟਮਾਟਰ, ਤੁਲਸੀ ਅਤੇ ਕਈ ਹੋਰ ਸਬਜ਼ੀਆਂ ਦੀ ਘਰੇਲੂ ਜ਼ਰੂਰਤਾਂ ਨੂੰ ਸੌਖਿਆਂ ਪੂਰੀਆਂ ਹੋ ਸਕਦੀਆਂ ਹਨ। ਇਸ ਨਾਲ ਬਾਜ਼ਾਰ 'ਤੇ ਨਿਰਭਰਤਾ ਘੱਟ ਹੁੰਦੀ ਹੈ ਅਤੇ ਰਸੋਈ ਤੱਕ ਤਾਜ਼ਾ, ਰਸਾਇਣ-ਮੁਕਤ ਭੋਜਨ ਪਹੁੰਚਦਾ ਹੈ।

ਅੱਜ ਜਦੋਂ ਸ਼ਹਿਰੀ ਜੀਵਨ ਵਿੱਚ ਥਾਂ ਲਗਾਤਾਰ ਸਿਮਟ ਰਹੀ ਹੈ, ਉਦੋਂ ਇੱਕ ਗਮਲਾ ਕਈ ਫ਼ਸਲਾਂ ਵਰਗੀ ਤਕਨੀਕ ਸਿਰਫ ਬਾਗਬਾਨੀ ਦੀ ਵਰਤੋਂ ਨਹੀਂ, ਸਗੋਂ ਟਿਕਾਊ ਜੀਵਨਸ਼ੈਲੀ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਥੋੜ੍ਹੀ ਜਿਹੀ ਸਮਝਦਾਰੀ, ਸਹੀ ਬੂਟਿਆਂ ਦੀ ਚੋਣ ਅਤੇ ਲਗਾਤਾਰ ਦੇਖਭਾਲ ਤੁਹਾਨੂੰ ਸੀਮਤ ਥਾਂ ਵਿੱਚ ਵੀ ਭਰਪੂਰ ਹਰਿਆਲੀ ਅਤੇ ਸਿਹਤਮੰਦ ਭੋਜਨ ਦੇ ਸਕਦੀ ਹੈ।






# ਫਲਾਂ ਨੂੰ ਨਵਾਂ ਆਕਾਰ ਦੇਣ ਵਾਲਾ ਜਸਪ੍ਰੀਤ ਸਿੰਘ

ਵਿਦੇਸ਼ੀ ਫਲਾਂ ਦੀ ਖੇਤੀ ਪੰਜਾਬ ਵਿੱਚ ਨੌਜਵਾਨ ਕਿਸਾਨਾਂ ਦੀ ਪਹਿਲੀ ਪਸੰਦ ਬਣ ਰਹੀ ਹੈ ਅਤੇ ਲੁਧਿਆਣਾ ਦਾ ਰਹਿਣ ਵਾਲਾ ਨੌਜਵਾਨ ਕਿਸਾਨ ਜਸਪ੍ਰੀਤ ਸਿੰਘ ਪਿਛਲੇ ਇੱਕ ਦਹਾਕੇ ਤੋਂ ਬਾਗਬਾਨੀ ਦੇ ਖੇਤਰ ਵਿੱਚ ਕੰਮ ਕਰ ਰਿਹਾ ਹੈ। ਨੌਜਵਾਨ ਕਿਸਾਨ ਵੱਲੋਂ ਲੁਧਿਆਣਾ ਦੇ ਪਿੰਡ ਈਸੇਵਾਲ ਵਿਖੇ ਆਪਣੇ ਖੇਤ ਵਿੱਚ ਡਰੈਗਨ, ਸਟਰਾਬੇਰੀ, ਰਾਸਬੇਰੀ, ਆਵਾਕਾਡੋ ਸਮੇਤ ਹੋਰਨਾਂ ਫਲਾਂ ਦੀ ਕਾਸ਼ਤ ਸਫਲਤਾ ਪੂਰਵਕ ਕੀਤੀ ਜਾ ਰਹੀ ਹੈ। ਜਸਪ੍ਰੀਤ ਸਿੰਘ ਪੇਸ਼ੇ ਵਜੋਂ ਵਕੀਲ ਹੈ ਅਤੇ ਲੁਧਿਆਣਾ ਅਦਾਲਤ ਵਿੱਚ ਵਕਾਲਤ ਕਰਨ ਦੇ ਨਾਲ-ਨਾਲ ਜ਼ਿੰਦਗੀ ਦਾ ਵੱਡਾ ਹਿੱਸਾ ਖੇਤੀਬਾੜੀ ਵਿੱਚ ਵੀ ਬਤੀਤ ਕਰਦਾ ਹੈ। ਪਿਛਲੇ ਇੱਕ ਦਹਾਕੇ ਤੋਂ ਖੇਤੀਬਾੜੀ ਦੀਆਂ ਆਧੁਨਿਕ ਤਕਨੀਕਾਂ ਵਰਤ ਕੇ ਵਿਦੇਸ਼ੀ ਫਲਾਂ ਨੂੰ ਪੰਜਾਬ ਦੀ ਮਿੱਟੀ ਵਿੱਚੋਂ ਉਗਾਉਣ ਦੀ ਸਫਲਤਾ ਪ੍ਰਾਪਤ ਕਰ ਚੁੱਕਿਆ ਜਸਪ੍ਰੀਤ ਸਿੰਘ ਅਜੋਕੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੈ। ਜਸਪ੍ਰੀਤ ਨੇ ਆਪਣਾ ਤਜ਼ਰਬਾ ਸਾਂਝਾ ਕਰਦੇ ਹੋਏ ਦੱਸਿਆ ਕਿ ਤਕਰੀਬਨ 10 ਸਾਲ ਪਹਿਲਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕੁਝ ਮਾਹਰਾਂ ਨੇ ਡਰੈਗਨ ਫਲ ਦੇ ਪੰਜਾਬ ਵਿੱਚ ਕਾਮਯਾਬ ਨਾ ਹੋਣ ਦਾ ਦਾਅਵਾ ਕੀਤਾ ਸੀ, ਪਰ ਆਪਣੇ ਤਜ਼ਰਬੇ ਦੇ ਨਾਲ ਇਸ ਨੌਜਵਾਨ ਕਿਸਾਨ ਨੇ ਉਨ੍ਹਾਂ ਸਾਰੇ ਮਾਹਿਰਾਂ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ। ਜਸਪ੍ਰੀਤ ਦਾ ਕਹਿਣਾ ਹੈ ਕਿ ਉਹ ਸਾਰੇ ਫਲਾਂ 'ਤੇ ਲਗਭਗ ਆਪਣੇ ਤਜ਼ਰਬੇ ਮੁਕੰਮਲ ਕਰ ਚੁੱਕਿਆ ਹੈ ਅਤੇ ਹੁਣ ਵਪਾਰਕ ਖੇਤੀ ਲਈ ਬਾਗਬਾਨੀ ਕਰ ਰਿਹਾ ਹੈ।

# ਨੇਪਾਲ ਵਿੱਚ ਤਬਾਹੀ

## ਮਨੁੱਖੀ ਜ਼ਿੱਦ ਤੇ ਕੁਦਰਤ ਦਾ ਕਰਿਸ਼ਮਾ

ਨੇਪਾਲ ਵਿੱਚ ਆਏ ਹੜ੍ਹ ਦੀ ਭਿਆਨਕ ਤਬਾਹੀ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ ਹੈ। ਭਾਵੇਂ ਇਹ ਘਟਨਾ ਕੁਦਰਤੀ ਰਹੀ ਪਰ ਅਸਲ ਕਾਰਨਾਂ ਵਿੱਚ ਕਿਤੇ ਨਾ ਕਿਤੇ ਮਨੁੱਖੀ ਜ਼ਿੱਦ ਵੀ ਜ਼ਰੂਰ ਹੈ। ਇਸ ਤਬਾਹੀ ਦਾ ਕੇਂਦਰ ਬਿੰਦੂ ਤਿੱਬਤ (ਚੀਨ) ਦਾ ਉੱਪਰਲਾ ਪਹਾੜੀ ਖੇਤਰ ਰਿਹਾ, ਜਿੱਥੇ ਲ੍ਹੇਂਦੇ ਨਦੀ ਦੇ ਕੋਲ ਇੱਕ ਵੱਡਾ ਗਲੇਸ਼ੀਅਰ ਡਿੱਗਣ ਨਾਲ ਭਾਰੀ ਸੈਲਾਬ ਆਇਆ।

ਇਸ ਦੀ ਧਮਕ ਇੰਨੀ ਜ਼ਿਆਦਾ ਸੀ ਕਿ ਸ਼ੁਰੂ ਵਿੱਚ ਭੂਚਾਲ ਦਾ ਭੁਲੇਖਾ ਪਿਆ। ਹਾਲਾਂਕਿ ਕੁੱਝ ਘੰਟਿਆਂ ਬਾਅਦ ਭੂਚਾਲ ਵੀ ਆਇਆ ਜਿਸ ਨੇ ਇੱਕ ਨਵਾਂ ਖੌਫ਼ ਪੈਦਾ ਕਰ ਦਿੱਤਾ। ਇਸ ਆਫਤ ਦਾ ਅਜਿਹਾ ਖੌਫ਼ਨਾਕ ਰੂਪ ਦਿਖਾਈ ਦਿੱਤਾ ਜਿਸ ਨੇ ਹਰ ਪਾਸੇ ਸਿਰਫ਼ ਮਲਬਾ, ਮੌਤ ਅਤੇ ਚੀਖ-ਚਿਹਾੜਾ ਹੀ ਦਿਖਾਇਆ। ਨੇਪਾਲ ਦੀਆਂ ਭਿਆਨਕ ਤਸਵੀਰਾਂ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ।



ਅਜੇ ਮੌਤ ਦੇ ਸ਼ੁਰੂਆਤੀ ਅੰਕੜੇ ਭਾਵੇਂ ਘੱਟ (ਲਗਭਗ 500) ਹੋਣ ਪਰ ਇਹ ਕਿੰਨੇ ਵਧਣਗੇ, ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਹੈ। ਕਰੀਬ 2000 ਤੋਂ ਵੱਧ ਲੋਕ ਲਾਪਤਾ ਹਨ (ਗਿਣਤੀ ਵਧ ਸਕਦੀ ਹੈ)। ਇਸ ਵਿੱਚ ਸਭ ਤੋਂ ਵੱਧ ਭਾਰਤੀ ਹਨ, ਜਿਨ੍ਹਾਂ ਦੀ ਗਿਣਤੀ 300 ਦੇ ਲਗਭਗ ਹੈ। ਇਨ੍ਹਾਂ ਵਿੱਚੋਂ ਕੁਝ ਵੱਕਾਰੀ ਆਈ.ਟੀ. ਕੰਪਨੀ ਦੇ ਹਨ। ਹੁਣ ਤੱਕ 84 ਭਾਰਤੀਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਇਨ੍ਹਾਂ ਵਿੱਚ ਤ੍ਰਿਸ਼ੂਲੀ-1 ਹਾਈਡਰੋਪਾਵਰ ਪ੍ਰੋਜੈਕਟ ਦੇ 63 ਕਰਮਚਾਰੀ ਅਤੇ ਤਾਮਿਲਨਾਡੂ ਦੇ 21 ਲੋਕ ਸ਼ਾਮਲ ਹਨ।

ਅਚਾਨਕ 26 ਅਗਸਤ ਦੀ ਸਵੇਰ ਨੂੰ ਹੜ੍ਹ ਅਤੇ ਮਲਬਾ ਇਸ ਤਰ੍ਹਾਂ ਆਇਆ ਜਿਸ ਦਾ ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਸੀ, ਕਿਉਂਕਿ ਇੰਨੀ ਭਾਰੀ ਬਾਰਸ਼ ਵੀ ਨਹੀਂ ਹੋਈ ਸੀ ਕਿ ਲੋਕ ਚੌਕਸ ਹੋ ਕੇ ਸੰਭਲ ਸਕਣ। ਚੀਨ ਦੇ ਤਿੱਬਤੀ ਖੇਤਰ ਨਾਲ ਲੱਗਦੇ ਇਲਾਕਿਆਂ ਵਿੱਚ ਅਚਾਨਕ ਆਏ ਭਾਰੀ ਮਾਤਰਾ ਵਿੱਚ ਪਾਣੀ, ਬਰਫ਼, ਚੱਟਾਨਾਂ ਅਤੇ ਰੇਤ-ਚਿੱਕੜ ਦਾ ਮਲਬਾ ਨੇਪਾਲ ਵੱਲ ਵਧਿਆ, ਜਿਸ ਨੇ ਅਚਾਨਕ ਭੋਤੇਕੋਸ਼ੀ ਨਦੀ ਦਾ ਜਲ-ਪੱਧਰ ਕੁੱਝ ਮਿੰਟਾਂ ਵਿੱਚ ਹੀ ਬੇਹੱਦ ਖ਼ਤਰਨਾਕ ਪੱਧਰ ਤੱਕ ਪਹੁੰਚਾ ਦਿੱਤਾ। ਇਸੇ ਕਰ ਕੇ ਇਸ ਨੂੰ ਜਲ-ਪ੍ਰਲੋਕ ਵੀ ਕਹਿ ਰਹੇ ਹਨ।

ਲੋਕ ਕੁਝ ਸਮਝ ਸਕਦੇ, ਇਸ ਤੋਂ ਪਹਿਲਾਂ ਸਵੇਰੇ 9 ਵਜੇ ਨਦੀ ਵਿੱਚ ਅਚਾਨਕ ਤੇਜ਼ ਉਫ਼ਾਨ ਆਇਆ। ਇਸ ਤੋਂ ਬਾਅਦ ਤਿਮੁਰੇ, ਰਸੁਵਾਗੜ੍ਹੀ, ਸਿਆਫ਼ਰੂਬੇਸੀ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਨਦੀ ਦੇ ਕਿਨਾਰੇ ਬਣੇ ਮਕਾਨ, ਸੜਕਾਂ, ਪੁਲ ਅਤੇ ਹੋਰ ਰੋਜ਼ਾਨਾ ਵਰਤੋਂ ਦੇ ਨਿਰਮਾਣ ਲਪੇਟ ਵਿੱਚ ਆ ਗਏ। ਤ੍ਰਾਸਦੀ ਇਹ ਰਹੀ ਕਿ ਪਾਣੀ ਸਿਰਫ਼ ਨਦੀ ਦੇ ਆਮ ਹੜ੍ਹ ਵਾਂਗ ਨਹੀਂ ਵਹਿਆ, ਸਗੋਂ ਆਪਣੇ ਨਾਲ ਭਾਰੀ ਮਾਤਰਾ ਵਿੱਚ ਤਲਛਟ, ਵੱਡੇ ਪੱਥਰ ਅਤੇ ਮਲਬਾ ਵੀ ਹੇਠਾਂ ਲੈ ਆਇਆ।

ਇਸ ਨਾਲ ਨੁਕਸਾਨ ਸਿਰਫ਼ ਪਾਣੀ ਭਰਨ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਇਮਾਰਤਾਂ ਅਤੇ ਪੁਲ-ਪੁਲੀਆਂ ਵੀ ਰੁੜ੍ਹ ਗਈਆਂ। ਬੇਤਰਾਵਤੀ ਤੋਂ ਰਸੁਵਾਗੜ੍ਹੀ ਸਰਹੱਦ ਤੱਕ ਲਗਭਗ 42 ਕਿਲੋਮੀਟਰ ਸੜਕ ਹੜ੍ਹ ਨਾਲ ਬੁਰੀ ਤਰ੍ਹਾਂ ਟੁੱਟ-ਫੁੱਟ ਗਈ ਅਤੇ ਕਈ ਕੰਕਰੀਟ ਦੇ ਪੁਲ ਵੀ ਰੁੜ੍ਹ ਗਏ। ਅਚਾਨਕ ਆਏ ਹੜ੍ਹ ਦੀ ਰਫ਼ਤਾਰ ਕਿੰਨੀ ਰਹੀ ਹੋਵੇਗੀ, ਇਸ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ, ਕਿਉਂਕਿ ਤ੍ਰਿਸ਼ੂਲੀ ਨਦੀ 'ਤੇ ਗਲਡੀ ਵਿੱਚ ਜਲ-ਪੱਧਰ 30 ਮਿੰਟਾਂ ਵਿੱਚ ਹੀ 9 ਮੀਟਰ ਤੱਕ ਵਧ ਗਿਆ। ਮਾਲਖੂ ਵਿੱਚ ਵੀ ਇਸੇ ਦੌਰਾਨ ਕਰੀਬ 7 ਮੀਟਰ ਦਾ ਵਾਧਾ ਦਰਜ ਕੀਤਾ ਗਿਆ।

ਇਹ ਵਾਧਾ ਆਮ ਮਾਨਸੂਨੀ ਹੜ੍ਹਾਂ ਦੀ ਤੁਲਨਾ ਵਿੱਚ ਕਿਤੇ ਬਹੁਤ ਜ਼ਿਆਦਾ ਖ਼ਤਰਨਾਕ ਨਿਕਲਿਆ। ਹੜ੍ਹ ਦੀਆਂ ਲਹਿਰਾਂ ਭੋਤੇਕੋਸ਼ੀ ਤੋਂ ਅੱਗੇ ਤ੍ਰਿਸ਼ੂਲੀ ਨਦੀ ਪ੍ਰਣਾਲੀ ਵਿੱਚ ਪਹੁੰਚੀਆਂ। ਇਸ ਨਾਲ ਰਸੁਵਾ ਤੋਂ ਹੇਠਾਂ ਵੱਲ ਨੁਵਾਕੋਟ ਅਤੇ ਧਾਦਿੰਗ ਸਮੇਤ ਕਈ ਇਲਾਕਿਆਂ ਵਿੱਚ ਨਦੀ ਦੇ ਕਿਨਾਰੇ ਵੱਸੇ ਇਲਾਕਿਆਂ ਲਈ ਖਤਰਾ ਵਧ ਗਿਆ। ਕੁਝ ਪਾਣੀ ਨਿਗਰਾਨੀ ਕੇਂਦਰ ਵੀ ਹੜ੍ਹ ਦੌਰਾਨ ਨੁਕਸਾਨੇ ਗਏ ਹਨ, ਜਿਸ ਨਾਲ ਅਸਲ ਸਮੇਂ ਵਿੱਚ ਨਦੀ ਦੀ ਨਿਗਰਾਨੀ ਕਰਨਾ ਹੋਰ ਵੀ ਔਖਾ ਹੋ ਗਿਆ।

ਹਾਲਾਤ ਦੀ ਭਿਆਨਕਤਾ ਉਦੋਂ ਹੋਰ ਵੱਧ ਗਈ ਜਦੋਂ ਵੀਰਵਾਰ ਰਾਤ 9:18 ਵਜੇ 3:2 ਤੀਬਰਤਾ ਦਾ ਭੂਚਾਲ ਆਇਆ ਜਿਸ ਦਾ ਕੇਂਦਰ 10 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਇਸ ਨਾਲ ਉੱਥੇ ਹੜ੍ਹ ਦਾ ਖਤਰਾ ਫਿਰ ਮੰਡਰਾਅ ਰਿਹਾ ਹੈ। ਇੱਧਰ ਚੀਨ ਨੇ ਦੱਸਿਆ ਕਿ ਰਸੁਵਾਗੜ੍ਹੀ ਬਾਰਡਰ ਤੋਂ 18 ਕਿਲੋਮੀਟਰ 'ਤੇ ਤਿੱਬਤ ਦੀ ਲ੍ਹੇਂਦੇ ਨਦੀ ਵਿੱਚੋਂ ਇੱਕ ਨਵੀਂ ਬੈਰੀਅਤ ਝੀਲ ਬਣ ਗਈ ਹੈ ਜੋ ਲਗਭਗ 0.11 ਵਰਗ ਕਿਲੋਮੀਟਰ ਵਿੱਚ ਫੈਲੀ ਹੈ ਅਤੇ ਕਰੀਬ 200 ਕਰੋੜ ਲੀਟਰ ਪਾਣੀ ਜਮ੍ਹਾ ਹੈ ਜਿਸ ਵਿੱਚ ਅਗਲੇ 3 ਦਿਨਾਂ ਵਿੱਚ 800 ਕਰੋੜ ਲੀਟਰ ਹੋਰ ਪਾਣੀ ਆ ਸਕਦਾ ਹੈ।

ਮਤਲਬ ਕਿ ਇਹ ਝੀਲ ਵੀ ਟੁੱਟ ਸਕਦੀ ਹੈ। ਜੇਕਰ ਅਜਿਹਾ ਹੋਇਆ ਤਾਂ ਭੋਤੇਕੋਸ਼ੀ ਅਤੇ ਤ੍ਰਿਸ਼ੂਲੀ ਨਦੀ ਵਿੱਚ ਫਿਰ ਅਚਾਨਕ ਹੜ੍ਹ ਆ ਸਕਦਾ ਹੈ। ਅਜੇ ਨੇਪਾਲ ਵੱਲ ਦੇ ਢਲਾਣ ਵਾਲੇ ਹਿੱਸਿਆਂ ਦੀਆਂ ਬਸਤੀਆਂ, ਸੜਕਾਂ, ਪੁਲ, ਜਲ-ਬਿਜਲੀ ਪ੍ਰੋਜੈਕਟ ਅਤੇ ਹੋਰ ਬੁਨਿਆਦੀ ਢਾਂਚੇ ਤਬਾਹੀ ਦੀ ਮਾਰ ਹੇਠ ਹਨ। ਤਿੱਬਤ ਵਿੱਚ ਬਰਫ਼ ਦੇ ਤੋਦੇ ਡਿੱਗਣ ਜਾਂ ਗਲੇਸ਼ੀਅਰ ਝੀਲਾਂ ਦੇ ਫਟਣ ਨਾਲ ਨੇਪਾਲ ਵੱਲ ਦੇ ਹੇਠਲੇ ਤੱਟਵਰਤੀ ਖੇਤਰਾਂ ਵਿੱਚ ਸਮੇਂ-ਸਮੇਂ ਉੱਤੇ ਨੁਕਸਾਨ ਹੋਣਾ ਇੱਕ ਆਮ ਘਟਨਾ ਹੈ।

ਮਾਹਿਰ ਵੀ ਮੰਨਦੇ ਹਨ ਕਿ ਵਾਰ-ਵਾਰ ਹੋ ਰਹੇ ਹਾਦਸਿਆਂ ਦੇ ਪਿੱਛੇ ਨੇਪਾਲ-ਚੀਨ ਸਰਹੱਦੀ ਹਿਮਾਲਿਆਈ ਖੇਤਰ ਦੀ ਭੂਗੋਲਿਕ ਬਣਤਰ ਦੇ ਨਾਲ-ਨਾਲ ਗਲੇਸ਼ੀਅਰ ਝੀਲਾਂ ਦੀਆਂ ਸਥਿਤੀਆਂ ਵਿੱਚ ਹੋਣ ਵਾਲੇ ਬਦਲਾਅ ਹੀ ਕਾਰਨ ਹਨ।

ਨੇਪਾਲ ਵੱਲ ਢਲਾਣ ਵਾਲੇ ਖੇਤਰ ਹਨ ਜਿਨ੍ਹਾਂ ਵਿੱਚ ਕਈ ਬਸਤੀਆਂ ਵੱਸੀਆਂ ਹੋਈਆਂ ਹਨ। ਇਸ ਕਾਰਨ ਇਨ੍ਹਾਂ ਝੀਲਾਂ ਦੇ ਫਟਣ ਅਤੇ ਬਰਫ਼ ਦੇ ਤੋਦੇ ਡਿੱਗਣ ਦਾ ਹਮੇਸ਼ਾ ਖ਼ਤਰਾ ਬਸਤੀਆਂ ਵਿੱਚ ਬਣਿਆ ਰਹਿੰਦਾ ਹੈ। ਕਿਉਂਕਿ ਉੱਪਰ ਤਿੱਬਤੀ ਖੇਤਰ ਵਿੱਚ ਕਈ ਗਲੇਸ਼ੀਅਰ ਹਨ ਜਿਨ੍ਹਾਂ ਵਿੱਚ ਵੱਖ-ਵੱਖ ਕਾਰਨਾਂ ਅਤੇ ਵਾਤਾਵਰਣਕ ਅਸੰਤੁਲਨ ਕਾਰਨ ਪਿਘਲਾਅ ਹੁੰਦਾ ਰਹਿੰਦਾ ਹੈ ਅਤੇ ਇਸ ਦੇ ਭਿਆਨਕ ਰੂਪ ਧਾਰਨ ਕਰਨ 'ਤੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ।

ਨੇਪਾਲ ਦੀ ਵਾਰ-ਵਾਰ ਦੀ ਤਬਾਹੀ ਦਾ ਕਾਰਨ ਇਸ ਦਾ ਭੂਗੋਲ ਵੀ ਹੈ। ਨੇਪਾਲ ਬਹੁਤ ਘੱਟ ਦੂਰੀ ਵਿੱਚ ਉੱਚ ਹਿਮਾਲਿਆ ਤੋਂ ਲੈ ਕੇ ਮੁਕਾਬਲਤਨ ਸਮਤਲ ਤਰਾਈ ਦੇ ਮੈਦਾਨਾਂ ਤੱਕ ਢਲਾਣ ਵਾਲੇ ਖੇਤਰ ਵਿੱਚ ਫੈਲਿਆ ਹੋਇਆ ਹੈ ਜਿਸ ਨਾਲ ਉੱਪਰ ਹੋਈ ਬਾਰਸ਼ ਦਾ ਅਸਰ ਹੇਠਾਂ ਪੈਂਦਾ ਹੈ। ਬਸ ਇਸੇ ਗੱਲ ਦਾ ਪਹਿਲਾਂ ਤੋਂ ਪਤਾ ਲਗਾਉਣ ਅਤੇ ਚੌਕਸ ਰਹਿਣ ਨਾਲ ਕਾਫ਼ੀ ਤ੍ਰਾਸਦੀਆਂ ਨੂੰ ਰੋਕਿਆ ਜਾ ਸਕਦਾ ਹੈ।

ਅਜੇ ਅਰਲੀ ਵਾਰਨਿੰਗ ਸਿਸਟਮ ਮਤਲਬ ਪਹਿਲਾਂ ਸੂਚਨਾ ਪ੍ਰਣਾਲੀ ਵੀ ਲੱਗੀ ਸੀ ਜੋ ਖੁਦ ਲਪੇਟ ਵਿੱਚ ਆ ਗਈ, ਨਹੀਂ ਤਾਂ ਕਾਫ਼ੀ ਹੱਦ ਤੱਕ ਜਾਨੀ ਨੁਕਸਾਨ ਨੂੰ ਕਾਬੂ ਕੀਤਾ ਜਾ ਸਕਦਾ ਸੀ। ਭਵਿੱਖ ਵਿੱਚ ਜੋਖਮ ਵਾਲੇ ਇਲਾਕਿਆਂ ਦੀ ਪਹਿਲਾਂ ਤੋਂ ਹੀ ਪਛਾਣ ਕਰ ਕੇ ਆਫ਼ਤ ਦੀ ਉਡੀਕ ਕਰਨ ਨਾਲ ਬਿਹਤਰ ਹੈ ਕਿ ਨਦੀ ਕਿਨਾਰੇ ਦੀਆਂ ਬਸਤੀਆਂ ਨੂੰ ਥੋੜ੍ਹੀ ਜਿਹੀ ਵੀ ਆਹਟ ਮਿਲਣ 'ਤੇ ਹਟਾ ਕੇ ਜਾਨ ਅਤੇ ਮਾਲ ਦੋਵਾਂ ਦਾ ਨੁਕਸਾਨ ਘਟਾਇਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਆਫ਼ਤ ਸੰਭਾਵੀ ਖੇਤਰਾਂ ਵਿੱਚ ਜੇਕਰ ਬਸਤੀਆਂ ਹੀ ਨਾ ਵੱਸਣ ਤਾਂ ਇਸ ਤੋਂ ਬਿਹਤਰ ਕੁਝ ਹੋ ਨਹੀਂ ਸਕਦਾ।

ਰਿਤੁਪਰਣ ਦਵੇ



ਪਾਣੀ ਪਸ਼ੂ ਦੇ ਸਰੀਰ ਵਿੱਚ ਕਈ ਅਹਿਮ ਕੰਮ ਕਰਦਾ ਹੈ।

# ਪਸ਼ੂਆਂ ਲਈ 'ਪਾਣੀ ਦੀ ਮਹੱਤਤਾ' ਅਤੇ ਲੋੜ

ਪਸ਼ੂ-ਪਾਲਣ ਦੇ ਧੰਦੇ ਵਿੱਚ ਚੰਗੀ ਖੁਰਾਕ, ਉੱਤਮ ਨਸਲ, ਸਹੀ ਪ੍ਰਬੰਧਨ ਅਤੇ ਬੀਮਾਰੀਆਂ ਤੋਂ ਬਚਾਅ ਨੂੰ ਪਸ਼ੂਆਂ ਦੇ ਉਤਪਾਦਨ ਲਈ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਪਰ ਇਨ੍ਹਾਂ ਸਾਰੀਆਂ ਚੀਜ਼ਾਂ ਨਾਲ ਇੱਕ ਚੋਰ ਬੁਨਿਆਦੀ ਲੋੜ ਹੈ, ਜਿਸ ਤੋਂ ਬਿਨਾਂ ਪਸ਼ੂਆਂ ਦੀ ਸਿਹਤ ਅਤੇ ਉਤਪਾਦਨ ਸਾਰੇ ਸੋਚਣਾ ਮੁਸ਼ਕਲ ਹੈ, ਉਹ ਹੈ ਪਾਣੀ। ਪਾਣੀ, ਪਸ਼ੂਆਂ ਲਈ ਸਭ ਤੋਂ ਮਹੱਤਵਪੂਰਨ ਪੋਸ਼ਕ ਤੱਤਾਂ ਵਿੱਚੋਂ ਇੱਕ ਹੈ।

**ਪਾਣੀ ਸਰੀਰ ਵਿੱਚ ਕੀ ਕਰਦਾ ਹੈ ?**

ਪਾਣੀ ਪਸ਼ੂ ਦੇ ਸਰੀਰ ਵਿੱਚ ਕਈ ਅਹਿਮ ਕੰਮ ਕਰਦਾ ਹੈ। ਖੁਰਾਕ ਦੇ ਪਾਚਨ ਅਤੇ ਸੋਖਣ ਵਿੱਚ ਇਸ ਦੀ ਮਹੱਤਵਪੂਰਨ ਭੂਮਿਕਾ ਹੈ। ਪਾਚਕ ਰਸਾਂ ਅਤੇ ਐਂਜ਼ਾਈਮਾਂ ਦੇ ਕੰਮ ਲਈ ਪਾਣੀ ਇੱਕ ਜ਼ਰੂਰੀ ਮਾਧਿਅਮ ਵਜੋਂ ਕੰਮ ਕਰਦਾ ਹੈ। ਕਾਰਬੋਹਾਈਡਰੇਟ, ਪ੍ਰੋਟੀਨ ਅਤੇ ਚਰਬੀ ਦੇ ਟੁੱਟਣ ਦੀ ਪ੍ਰਕਿਰਿਆ ਵਿੱਚ ਵੀ ਪਾਣੀ ਦੀ ਭੂਮਿਕਾ ਰਹਿੰਦੀ ਹੈ, ਜਿਸ ਨਾਲ ਖੁਰਾਕ ਵਿੱਚ ਮੌਜੂਦ ਪੋਸ਼ਕ ਤੱਤ ਸਰੀਰ ਵੱਲੋਂ ਆਸਾਨੀ ਨਾਲ ਵਰਤੇ ਜਾ ਸਕਦੇ ਹਨ।

**ਦੁਧਾਰੂ ਪਸ਼ੂਆਂ ਵਿੱਚ ਪਾਣੀ ਦੀ ਲੋੜ**

ਦੁਧਾਰੂ ਪਸ਼ੂਆਂ ਲਈ ਪਾਣੀ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਦੁੱਧ ਵਿੱਚ ਲਗਭਗ 85 ਤੋਂ 87 ਫੀਸਦੀ ਪਾਣੀ ਹੁੰਦਾ ਹੈ। ਇਸ ਲਈ ਜਿਹੜਾ ਪਸ਼ੂ ਵੱਧ ਦੁੱਧ ਪੈਦਾ ਕਰਦਾ ਹੈ, ਉਸ ਨੂੰ ਆਪਣੀ ਸਰੀਰਕ ਲੋੜ ਤੋਂ ਇਲਾਵਾ ਦੁੱਧ ਬਣਾਉਣ ਲਈ ਵੀ ਵਾਧੂ ਪਾਣੀ ਦੀ ਲੋੜ ਹੁੰਦੀ ਹੈ।

ਇੱਕ ਦੁਧਾਰੂ ਗਾਂ ਨੂੰ ਦਿਨ ਵਿੱਚ ਲਗਭਗ 68 ਤੋਂ 155 ਲੀਟਰ ਪਾਣੀ ਦੀ ਲੋੜ ਹੋ ਸਕਦੀ ਹੈ। ਦੁੱਧ ਉਤਪਾਦਨ ਦੇ ਨਾਲ ਪਾਣੀ ਦੀ ਲੋੜ ਹੋਰ ਵੱਧ ਜਾਂਦੀ ਹੈ ਅਤੇ ਹਰ ਇੱਕ ਲੀਟਰ ਦੁੱਧ ਦੇ ਉਤਪਾਦਨ ਲਈ ਲਗਭਗ 2.5 ਤੋਂ 5 ਲੀਟਰ ਵਾਧੂ ਪਾਣੀ ਦੀ ਲੋੜ ਹੋ ਸਕਦੀ ਹੈ। ਮੱਝਾਂ ਵਿੱਚ ਵੀ ਹਰ ਇੱਕ ਲੀਟਰ ਦੁੱਧ ਲਈ ਲਗਭਗ 2.5 ਤੋਂ 3 ਲੀਟਰ ਪਾਣੀ ਦੀ ਵਾਧੂ ਲੋੜ ਹੋ ਸਕਦੀ ਹੈ।

**ਪਸ਼ੂਆਂ ਅਤੇ ਪੰਛੀਆਂ ਵਿੱਚ ਪਾਣੀ ਦੀ ਲੋੜ**

ਪਾਣੀ ਦੀ ਲੋੜ ਹਰ ਪਸ਼ੂ ਵਿੱਚ ਇੱਕੋ ਜਿਹੀ ਨਹੀਂ ਹੁੰਦੀ। ਇਹ ਪਸ਼ੂ ਦੀ ਕਿਸਮ, ਉਮਰ, ਭਾਰ, ਉਤਪਾਦਨ ਅਤੇ ਵਾਤਾਵਰਣ 'ਤੇ ਨਿਰਭਰ ਕਰਦੀ ਹੈ। ਸੂਰਾਂ ਵਿੱਚ 70 ਤੋਂ 110 ਕਿਲੋਗ੍ਰਾਮ ਭਾਰ ਵਾਲੇ ਪਸ਼ੂਆਂ ਲਈ ਲਗਭਗ 7.3 ਤੋਂ 10 ਲੀਟਰ ਪਾਣੀ ਪ੍ਰਤੀ ਦਿਨ ਦੀ ਲੋੜ ਦੱਸੀ ਗਈ ਹੈ, ਜਦੋਂਕਿ ਦੁੱਧ ਚੁੰਘਾਉਣ ਵਾਲੀਆਂ ਸੂਰੀਆਂ ਲਈ ਇਹ ਲੋੜ ਲਗਭਗ 18.1 ਤੋਂ 22.7 ਲੀਟਰ ਪ੍ਰਤੀ ਦਿਨ ਹੋ ਸਕਦੀ ਹੈ। ਪੋਲਟਰੀ ਵਿੱਚ ਵੀ ਪਾਣੀ ਦੀ ਲੋੜ ਉਮਰ ਅਤੇ ਉਤਪਾਦਨ ਦੇ ਪੜਾਅ ਅਨੁਸਾਰ ਬਦਲਦੀ ਹੈ। ਪੰਜਾਬ ਵਿੱਚ ਗਰਮੀਆਂ ਦੌਰਾਨ ਜ਼ਿਆਦਾ ਤਾਪਮਾਨ ਕਾਰਨ ਪਸ਼ੂ ਸਰੀਰ ਦੀ ਗਰਮੀ ਨੂੰ ਕਾਬੂ ਕਰਨ ਲਈ ਪਾਣੀ ਦੀ ਵੱਧ ਵਰਤੋਂ ਕਰਦੇ ਹਨ।

**ਪਾਣੀ ਦੀ ਮਾਤਰਾ ਨਾਲ ਗੁਣਵੱਤਾ ਦੀ ਜ਼ਰੂਰਤ**

ਕਈ ਵਾਰ ਪਸ਼ੂ-ਪਾਲਕ ਇਹ ਮੰਨ ਲੈਂਦੇ ਹਨ ਕਿ ਜੇ ਪਸ਼ੂ ਪਾਣੀ ਪੀ ਰਿਹਾ ਹੈ ਤਾਂ ਪਾਣੀ ਠੀਕ ਹੈ। ਪਰ ਅਜਿਹਾ ਜ਼ਰੂਰੀ ਨਹੀਂ। ਪਾਣੀ ਦੀ ਗੁਣਵੱਤਾ ਵੀ ਪਸ਼ੂਆਂ ਦੀ ਸਿਹਤ ਲਈ ਓਨੀ ਹੀ ਮਹੱਤਵਪੂਰਨ ਹੈ, ਜਿੰਨੀ ਇਸ ਦੀ ਮਾਤਰਾ। ਪਸ਼ੂਆਂ ਨੂੰ ਮਿਲਣ ਵਾਲਾ ਪਾਣੀ ਮਿੱਟੀ, ਪੱਤਿਆਂ, ਚਾਰੇ ਅਤੇ ਹੋਰ ਅਸ਼ੁੱਧੀਆਂ ਤੋਂ ਮੁਕਤ ਹੋਣਾ ਚਾਹੀਦਾ ਹੈ। ਪਾਣੀ ਦੀਆਂ ਹੌਦੀਆਂ ਵਿੱਚ ਕਾਈ ਜੰਮਣ ਨਾਲ ਵੀ ਪਸ਼ੂ ਪਾਣੀ ਪੀਣ ਤੋਂ ਇਨਕਾਰ ਕਰ ਸਕਦੇ ਹਨ। ਇਸ ਲਈ ਹੌਦੀਆਂ ਦੀ ਨਿਯਮਿਤ ਸਫ਼ਾਈ ਕਰਨੀ ਬਹੁਤ ਜ਼ਰੂਰੀ ਹੈ।

**ਖਾਰਾ ਜਾਂ ਦੂਸ਼ਿਤ ਪਾਣੀ ਬਣ ਸਕਦਾ ਹੈ ਸਮੱਸਿਆ ਦਾ ਕਾਰਨ**

ਜੇਕਰ ਪਾਣੀ ਵਿੱਚ ਘੁਲਣਸ਼ੀਲ ਲੂਣ ਜਾਂ ਹੋਰ ਅਣਚਾਹੇ ਤੱਤ ਜ਼ਿਆਦਾ ਮਾਤਰਾ ਵਿੱਚ ਹੋਣ ਤਾਂ ਪਸ਼ੂਆਂ ਵੱਲੋਂ ਪਾਣੀ ਪੀਣ ਦੀ ਮਾਤਰਾ ਪ੍ਰਭਾਵਿਤ ਹੋ ਸਕਦੀ ਹੈ। ਇਸ ਨਾਲ ਪੋਸ਼ਕ ਤੱਤਾਂ ਦੇ ਸੋਖਣ ਅਤੇ ਦਵਾਈਆਂ ਦੇ ਪ੍ਰਭਾਵ 'ਤੇ ਵੀ ਅਸਰ ਪੈ ਸਕਦਾ ਹੈ।

**ਪਾਣੀ ਦੀ ਘਾਟ ਦੇ ਗੰਭੀਰ ਨਤੀਜੇ ਕੀ ਹਨ ?**

ਪਾਣੀ ਦੀ ਕਮੀ ਨੂੰ ਪਸ਼ੂ-ਪਾਲਣ ਵਿੱਚ ਕਦੇ ਵੀ ਛੋਟੀ ਸਮੱਸਿਆ ਨਹੀਂ ਸਮਝਣਾ ਚਾਹੀਦਾ। ਪਾਣੀ ਦੀ ਘਾਟ ਨਾਲ ਪਸ਼ੂ ਵਿੱਚ ਗੰਭੀਰ ਤਣਾਅ, ਭਾਰ ਘਟਣਾ, ਸਰੀਰ ਦਾ ਤਾਪਮਾਨ ਵਧਣਾ ਅਤੇ ਡੀ-ਹਾਈਡਰੇਸ਼ਨ ਹੋ ਸਕਦੀ ਹੈ। ਇਸ ਨਾਲ ਪਸ਼ੂ ਚਾਰਾ ਵੀ ਘੱਟ ਖਾ ਸਕਦਾ ਹੈ ਅਤੇ ਉਤਪਾਦਕਤਾ ਘੱਟ ਸਕਦੀ ਹੈ। ਬਹੁਤ ਗੰਭੀਰ ਹਾਲਤ ਵਿੱਚ ਪਾਣੀ ਦੀ ਕਮੀ ਮੌਤ ਦਾ ਕਾਰਨ ਵੀ ਬਣ ਸਕਦੀ ਹੈ।

**ਬਰਸਾਤ ਦੇ ਮੌਸਮ ਵਿੱਚ ਵੀ ਸਾਵਧਾਨੀ ਜ਼ਰੂਰੀ**

ਬਰਸਾਤ ਨੂੰ ਆਮ ਤੌਰ 'ਤੇ ਪਾਣੀ ਦੀ ਵੱਧ ਉਪਲੱਬਧਤਾ ਨਾਲ ਜੋੜਿਆ ਜਾਂਦਾ ਹੈ, ਪਰ ਇਹ ਮੌਸਮ ਪਸ਼ੂਆਂ ਲਈ ਪਾਣੀ ਨਾਲ ਸੰਬੰਧਿਤ ਬੀਮਾਰੀਆਂ ਦਾ ਖਤਰਾ ਵੀ ਵਧਾ ਸਕਦਾ ਹੈ। ਮੌਨਸੂਨ ਦੌਰਾਨ ਗੰਦੇ ਅਤੇ ਚਿੱਕੜ ਵਾਲੇ ਪਾਣੀ ਦੇ ਸੰਪਰਕ ਵਿੱਚ ਆਉਣ ਨਾਲ ਕੁਝ ਬੀਮਾਰੀਆਂ ਦਾ ਖਤਰਾ ਵੱਧ ਸਕਦਾ ਹੈ।

ਡਾ. ਗੁਰਸਿਮਰਨਜੀਤ ਸਿੰਘ, ਮੋ. 94173-25632

**ਘਰੇਲੂ ਬਗੀਚੀ- ਇੱਕ ਅਜਿਹਾ ਛੋਟਾ ਜਿਹਾ ਬਗੀਚਾ ਜੋ ਘਰ ਦੀ ਸੁੰਦਰਤਾ ਵਧਾਉਣ ਦੇ ਨਾਲ ਰਸੋਈ ਨੂੰ ਤਾਜ਼ੀਆਂ ਸਬਜ਼ੀਆਂ, ਮਸਾਲਿਆਂ ਅਤੇ ਜੜੀ-ਬੂਟੀਆਂ ਨਾਲ ਜੋੜਦਾ ਹੈ। ਘਰੇਲੂ ਬਗੀਚੀ ਸ਼ੌਕ ਨਹੀਂ, ਸਗੋਂ ਤਾਜ਼ੀ ਖੁਰਾਕ, ਪਰਿਵਾਰਕ ਸਿਹਤ, ਵਾਤਾਵਰਨ ਸੰਭਾਲ ਅਤੇ ਬੱਚਿਆਂ ਨੂੰ ਕੁਦਰਤ ਨਾਲ ਜੋੜਨ ਦਾ ਸੌਖਾ ਤਰੀਕਾ ਹੈ।**



# ਹਰੀ-ਭਰੀ ਘਰੇਲੂ ਬਗੀਚੀ

## ਸੁੰਦਰਤਾ, ਸਿਹਤ ਤੇ ਤਾਜ਼ੀ ਸਬਜ਼ੀ

ਡਾ. ਹਰਪਾਲ ਸਿੰਘ ਰੰਧਾਵਾ ਅਤੇ ਡਾ. ਸਰਵਪ੍ਰੀਆ ਸਿੰਘ
ਪੀ. ਏ. ਯੂ. ਰਿਜਨਲ ਸਟੇਸ਼ਨ ਗੁਰਦਾਸਪੁਰ

ਹਰ ਇਸਤਰੀ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਸਦਾ ਘਰ ਸੋਹਣਾ ਵੀ ਲੱਗੇ ਅਤੇ ਪਰਿਵਾਰ ਤੰਦਰੁਸਤ ਵੀ ਰਹੇ। ਘਰ ਨੂੰ ਸਜਾਉਣ ਲਈ ਅਸੀਂ ਮਹਿੰਗੇ ਗਮਲੇ, ਸਜਾਵਟੀ ਪੌਦੇ ਅਤੇ ਹੋਰ ਸਮਾਨ ਖਰੀਦਦੇ ਹਾਂ। ਪਰ ਜ਼ਰਾ ਸੋਚੋ - ਜੇ ਘਰ ਦੇ ਵਿਹੜੇ ਦੇ ਇੱਕ ਕੋਨੇ ਵਿੱਚ ਹਰੀਆਂ-ਭਰੀਆਂ ਸਬਜ਼ੀਆਂ ਲਹਿਰਾ ਰਹੀਆਂ ਹੋਣ, ਧਨੀਏ ਅਤੇ ਪੁਦੀਨੇ ਦੀ ਮਹਿਕ ਆ ਰਹੀ ਹੋਵੇ ਅਤੇ ਨਾਲ ਹੀ ਰੰਗ-ਬਿਰੰਗੇ ਫੁੱਲ ਖਿੜੇ ਹੋਣ, ਤਾਂ ਇਸ ਤੋਂ ਸੁੰਦਰ ਕੁਦਰਤੀ ਸ਼ਿੰਗਾਰ ਹੋਰ ਕੀ ਹੋ ਸਕਦਾ ਹੈ? ਇਹੀ ਹੈ ਘਰੇਲੂ ਬਗੀਚੀ- ਇੱਕ ਅਜਿਹਾ ਛੋਟਾ ਜਿਹਾ ਬਗੀਚਾ ਜੋ ਘਰ ਦੀ ਸੁੰਦਰਤਾ ਵਧਾਉਣ ਦੇ ਨਾਲ ਰਸੋਈ ਨੂੰ ਤਾਜ਼ੀਆਂ ਸਬਜ਼ੀਆਂ, ਮਸਾਲਿਆਂ ਅਤੇ ਜੜੀ-ਬੂਟੀਆਂ ਨਾਲ ਜੋੜਦਾ ਹੈ। ਘਰੇਲੂ ਬਗੀਚੀ ਸ਼ੌਕ ਨਹੀਂ, ਸਗੋਂ ਤਾਜ਼ੀ ਖੁਰਾਕ, ਪਰਿਵਾਰਕ ਸਿਹਤ, ਵਾਤਾਵਰਣ ਸੰਭਾਲ ਅਤੇ ਬੱਚਿਆਂ ਨੂੰ ਕੁਦਰਤ ਨਾਲ ਜੋੜਨ ਦਾ ਸੌਖਾ ਤਰੀਕਾ ਹੈ।

ਧਨੀਆ, ਪੁਦੀਨਾ, ਹਰੀ ਮਿਰਚ, ਮੇਥੀ ਅਤੇ ਪਾਲਕ ਵਰਗੀਆਂ ਫ਼ਸਲਾਂ ਥੋੜ੍ਹੀ ਜਿਹੀ ਜਗ੍ਹਾ ਵਿੱਚ ਵੀ ਉਗਾਈਆਂ ਜਾ ਸਕਦੀਆਂ ਹਨ। ਕੁੱਝ ਬੀਜ ਜਾਂ ਪੌਦਿਆਂ ਨਾਲ ਸ਼ੁਰੂ ਕਰਕੇ ਘਰ ਦੀ ਰੋਜ਼ਾਨਾ ਲੋੜ ਲਈ ਤਾਜ਼ਾ ਹਰਾ ਸਮਾਨ ਆਪਣੇ ਬਗੀਚੇ ਵਿੱਚੋਂ ਹੀ ਮਿਲ ਸਕਦਾ ਹੈ। ਜਦੋਂ ਅਸੀਂ ਆਪਣੀ ਪਾਲਕ, ਧਨੀਆ, ਮਿਰਚ ਜਾਂ ਟਮਾਟਰ ਆਪ ਉਗਾਉਂਦੇ ਹਾਂ ਤਾਂ ਸਾਨੂੰ ਪਤਾ ਹੁੰਦਾ ਹੈ ਕਿ ਪੌਦੇ ਦੀ ਦੇਖਭਾਲ ਕਿਵੇਂ ਕੀਤੀ ਗਈ ਹੈ। ਕੀੜਿਆਂ ਅਤੇ ਬਿਮਾਰੀਆਂ ਦੀ ਨਿਗਰਾਨੀ ਕਰਕੇ ਲੋੜ ਅਨੁਸਾਰ ਸੁਰੱਖਿਆ ਅਤੇ ਵਿਗਿਆਨਕ ਤਰੀਕੇ ਅਪਣਾਏ ਜਾ ਸਕਦੇ ਹਨ। ਇਸ ਲਈ ਘਰੇਲੂ ਬਗੀਚੀ ਸਾਨੂੰ ਆਪਣੀ ਖੁਰਾਕ ਬਾਰੇ ਵਧੇਰੇ ਭਰੋਸਾ ਅਤੇ ਜਾਗਰੂਕਤਾ ਦਿੰਦਾ ਹੈ। ਸਬਜ਼ੀਆਂ ਸਾਡੇ ਭੋਜਨ ਵਿੱਚ ਵਿਟਾਮਿਨ, ਖਣਿਜ, ਫਾਈਬਰ ਅਤੇ ਹੋਰ ਲਾਭਦਾਇਕ ਪੌਸ਼ਟਿਕ ਤੱਤਾਂ ਦਾ ਮਹੱਤਵਪੂਰਨ ਸਰੋਤ ਹਨ। ਘਰ ਦੀ ਸਬਜ਼ੀ ਲੋੜ ਅਨੁਸਾਰ ਤੋੜ ਕੇ ਤੁਰੰਤ ਰਸੋਈ ਵਿੱਚ ਵਰਤੀ ਜਾ ਸਕਦੀ ਹੈ। ਤਾਜ਼ੀ ਤੋੜੀ ਪਾਲਕ ਦੀ ਸਬਜ਼ੀ ਦਾ ਸੁਆਦ ਹੀ ਕੁੱਝ ਹੋਰ ਹੁੰਦਾ ਹੈ। ਪੌਦਿਆਂ ਦੀ ਸੰਭਾਲ ਕਰਨਾ, ਉਨ੍ਹਾਂ ਨੂੰ ਪਾਣੀ ਦੇਣਾ, ਨਵੀਆਂ ਕੋਪਲਾਂ ਅਤੇ ਫੁੱਲ ਦੇਖਣਾ ਮਨ ਨੂੰ ਖੁਸ਼ੀ ਦਿੰਦਾ ਹੈ। ਬਗੀਚੇ ਵਿੱਚ ਕੁੱਝ ਸਮਾਂ ਬਿਤਾਉਣਾ ਰੋਜ਼ਾਨਾ ਦੀ ਭੱਜ-ਦੌੜ ਤੋਂ ਥੋੜ੍ਹਾ ਵਿਰਾਮ ਵੀ ਦਿੰਦਾ ਹੈ।

ਬੱਚਿਆਂ ਨੂੰ ਕਿਤਾਬਾਂ ਵਿੱਚ ਪੌਦੇ ਬਾਰੇ ਪੜ੍ਹਾਉਣ ਨਾਲੋਂ ਇੱਕ ਬੀਜ ਆਪਣੇ ਹੱਥੀਂ ਬੀਜ ਕੇ ਉਸਨੂੰ ਪੌਦਾ ਬਣਦੇ ਦੇਖਣਾ ਕਿਤੇ ਵਧੇਰੇ ਪ੍ਰਭਾਵਸ਼ਾਲੀ ਹੈ। ਜਦੋਂ ਬੱਚਾ ਆਪਣੇ ਹੱਥੀਂ ਟਮਾਟਰ ਜਾਂ ਮਿਰਚ ਉਗਾਉਂਦਾ ਹੈ, ਤਾਂ ਉਸਨੂੰ ਸਮਝ ਆਉਂਦੀ ਹੈ ਕਿ ਸਾਡੀ ਰਸੋਈ ਤੱਕ ਪਹੁੰਚਣ ਵਾਲਾ ਭੋਜਨ ਕਿੰਨੀ ਮਿਹਨਤ ਨਾਲ ਤਿਆਰ ਹੁੰਦਾ ਹੈ। ਇਸ ਨਾਲ ਉਸ ਵਿੱਚ ਕੁਦਰਤ ਅਤੇ ਕਿਸਾਨ ਪ੍ਰਤੀ ਸਤਿਕਾਰ ਪੈਦਾ ਹੁੰਦਾ ਹੈ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

ਘਰੇਲੂ ਬਗੀਚੀ ਲਈ ਵੱਡੇ ਖੇਤ ਦੀ ਲੋੜ ਨਹੀਂ। ਲੋੜ ਹੈ ਤਾਂ ਸਿਰਫ਼ ਸਹੀ ਯੋਜਨਾ ਅਤੇ ਥੋੜ੍ਹੀ ਮਿਹਨਤ ਦੀ। ਵਿਹੜੇ ਦਾ ਇੱਕ ਕੋਨਾ, ਘਰ ਦੀ ਛੱਤ, ਬਾਲਕਾਨੀ ਜਾਂ ਰਸੋਈ ਦੀ ਖਿੜਕੀ ਦੇ ਬਾਹਰਲੀ ਜਗ੍ਹਾ ਵੀ ਵਰਤੀ ਜਾ ਸਕਦੀ ਹੈ। ਸਬਜ਼ੀਆਂ ਲਈ ਅਜਿਹੀ ਥਾਂ ਚੁਣੋ ਜਿੱਥੇ ਰੋਜ਼ਾਨਾ ਲਗਭਗ 4-6 ਘੰਟੇ ਧੁੱਪ ਆ ਸਕੇ। ਪੱਤੇਦਾਰ ਸਬਜ਼ੀਆਂ ਕੁੱਝ ਘੱਟ ਰੋਸ਼ਨੀ ਵਿੱਚ ਵੀ ਚੱਲ ਸਕਦੀਆਂ ਹਨ, ਪਰ ਫ਼ਲਦਾਰ ਸਬਜ਼ੀਆਂ ਜਿਵੇਂ ਟਮਾਟਰ, ਮਿਰਚ ਅਤੇ ਬੈਂਗਣ ਲਈ ਵਧੇਰੇ ਧੁੱਪ ਲਾਭਦਾਇਕ ਹੈ। ਜੇ ਘਰ ਵਿੱਚ ਜ਼ਮੀਨ ਨਹੀਂ ਤਾਂ ਗਮਲੇ, ਗ੍ਰੋ-ਬੈਗ ਅਤੇ ਹੋਰ ਮਜ਼ਬੂਤ ਕੰਟੇਨਰ ਵਰਤੇ ਜਾ ਸਕਦੇ ਹਨ। ਪੁਰਾਣੀਆਂ ਬਾਲਟੀਆਂ ਜਾਂ ਹੋਰ ਸਾਫ਼ ਕੰਟੇਨਰ ਵੀ ਵਰਤੇ ਜਾ ਸਕਦੇ ਹਨ, ਪਰ ਉਨ੍ਹਾਂ ਵਿੱਚ ਪਾਣੀ ਦੀ ਨਿਕਾਸ ਲਈ ਛੇਕ ਜ਼ਰੂਰ ਹੋਣੇ ਚਾਹੀਦੇ ਹਨ।

ਘਰੇਲੂ ਪੱਧਰ 'ਤੇ ਮਿੱਟੀ ਵਿੱਚ ਚੰਗੀ ਤਰ੍ਹਾਂ ਸੜੀ ਹੋਈ ਰੂੜੀ ਦੀ ਖਾਦ ਜਾਂ ਤਿਆਰ ਕੰਪੋਸਟ ਮਿਲਾਈ ਜਾ ਸਕਦੀ ਹੈ। ਜੇ ਮਿੱਟੀ ਬਹੁਤ ਭਾਰੀ ਹੈ ਤਾਂ ਜੈਵਿਕ ਪਦਾਰਥ ਮਿਲਾਉਣ ਨਾਲ ਮਿੱਟੀ ਦੀ ਬਣਤਰ ਅਤੇ ਹਵਾਦਾਰੀ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਸਬਜ਼ੀਆਂ ਅਤੇ ਫ਼ਲਾਂ ਦੇ ਛਿਲਕੇ, ਚਾਹ ਦੀ ਵਰਤੀ ਹੋਈ ਪੱਤੀ ਅਤੇ ਹੋਰ ਜੈਵਿਕ ਰਹਿੰਦ-ਖੂੰਹਦ ਨੂੰ ਵੱਖਰਾ ਇਕੱਠਾ ਕਰਕੇਕੰਪੋਸਟ ਬਣਾਈ ਜਾ ਸਕਦੀ ਹੈ।

ਇਸ ਨਾਲ ਦੋ ਫਾਇਦੇ ਹੁੰਦੇ ਹਨ- ਘਰੇਲੂ ਕੂੜਾ ਘਟਦਾ ਹੈ ਅਤੇ ਬਗੀਚੀ ਲਈ ਜੈਵਿਕ ਖਾਦ ਮਿਲਦੀ ਹੈ।


ਪੌਦਿਆਂ ਨੂੰ ਲੋੜ ਤੋਂ ਵੱਧ ਪਾਣੀ ਦੇਣਾ ਵੀ ਨੁਕਸਾਨਦਾਇਕ ਹੋ ਸਕਦਾ ਹੈ। ਸਿੰਚਾਈ ਤੋਂ ਪਹਿਲਾਂ ਮਿੱਟੀ ਦੀ ਨਮੀ ਜਾਂਚੋ। ਕੰਟੇਨਰਾਂ ਵਿੱਚ ਪਾਣੀ ਦੀ ਨਿਕਾਸ ਠੀਕ ਹੋਣੀ ਚਾਹੀਦੀ ਹੈ। ਪੌਦਿਆਂ ਦੇ ਆਲੇ-ਦੁਆਲੇ ਸੁੱਕੇ ਪੱਤਿਆਂ ਜਾਂ ਹੋਰ ਉਚਿਤ ਜੈਵਿਕ ਮਲਚ ਦੀ ਵਰਤੋਂ ਨਾਲ ਮਿੱਟੀ ਦੀ ਨਮੀ ਕਾਇਮ ਰੱਖਣ ਵਿੱਚ ਮਦਦ ਮਿਲ ਸਕਦੀ ਹੈ।

ਘਰੇਲੂ ਬਗੀਚੀ ਲਈ ਪਹਿਲੇ ਦਿਨ ਹੀ ਵੱਡੀ ਬਗੀਚੀ ਬਣਾਉਣ ਦੀ ਲੋੜ ਨਹੀਂ। 10×10 ਫੁੱਟ ਦੀ ਇੱਕ ਛੋਟੀ ਜਿਹੀ ਕਿਆਰੀ ਨਾਲ ਸ਼ੁਰੂ ਕਰੋ। ਜੇ ਜ਼ਮੀਨ ਨਹੀਂ ਤਾਂ 4-5 ਗਮਲਿਆਂ ਨਾਲ ਸ਼ੁਰੂਆਤ ਕਰੋ। ਪਹਿਲਾਂ ਧਨੀਆ, ਪੁਦੀਨਾ, ਪਾਲਕ ਅਤੇ ਮਿਰਚ ਵਰਗੀਆਂ ਆਸਾਨ ਫ਼ਸਲਾਂ ਲਗਾਓ। ਤਜ਼ਰਬਾ ਵੱਧਣ ਨਾਲ ਟਮਾਟਰ, ਮੂਲੀ, ਗਾਜਰ, ਮਟਰ, ਬੈਂਗਣ ਅਤੇ ਹੋਰ ਸਬਜ਼ੀਆਂ ਸ਼ਾਮਲ ਕਰਦੇ ਜਾਓ। ਜਦੋਂ ਤੁਸੀਂ ਆਪਣੇ ਹੱਥੀਂ ਉਗਾਈ ਪਾਲਕ ਦੀ ਸਾਗ-ਰੋਟੀ ਆਪਣੇ ਪਰਿਵਾਰ ਨੂੰ ਖੁਆਓਗੇ, ਤਾਂ ਉਸਦੀ ਖੁਸ਼ੀ ਅਤੇ ਸੰਤੁਸ਼ਟੀ ਦਾ ਅਹਿਸਾਸ ਵੱਖਰਾ ਹੀ ਹੋਵੇਗਾ।

ਘਰ ਦਾ ਅਸਲੀ ਸ਼ਿੰਗਾਰ ਸੋਹਣਾ ਘਰ ਉਹ ਨਹੀਂ ਜਿਸ ਵਿੱਚ ਸਿਰਫ਼ ਮਹਿੰਗਾ ਸਜਾਵਟੀ ਸਮਾਨ ਹੋਵੇ। ਸੋਹਣਾ ਘਰ ਉਹ ਹੈ ਜਿਸਦੇ ਵਿਹੜੇ ਵਿੱਚ ਹਰਿਆਲੀ ਹੋਵੇ, ਰਸੋਈ ਵਿੱਚ ਤਾਜ਼ੀ ਸਬਜ਼ੀ ਹੋਵੇ ਅਤੇ ਪਰਿਵਾਰ ਵਿੱਚ ਸਿਹਤ ਤੇ ਖੁਸ਼ੀ ਹੋਵੇ। ਇਸ ਲਈ ਆਓ, ਅੱਜ ਤੋਂ ਹੀ ਆਪਣੇ ਘਰ ਦੇ ਇੱਕ ਛੋਟੇ ਜਿਹੇ ਕੋਨੇ ਨੂੰ ਹਰਿਆ-ਭਰਿਆ ਬਣਾਈਏ। ਇੱਕ ਬੀਜ ਬੀਜੀਏ, ਇੱਕ ਪੌਦਾ ਲਗਾਈਏ ਅਤੇ ਆਪਣੇ ਬੱਚਿਆਂ ਨੂੰ ਕੁਦਰਤ ਨਾਲ ਜੋੜੀਏ।

ਬੀਜਾਈ ਦਾ ਸਹੀ ਸਮਾਂ ਕਿਸਮ ਅਤੇ ਉਸ ਸਾਲ ਦੇ ਮੌਸਮ ਅਨੁਸਾਰ ਕੁਝ ਅੱਗੇ-ਪਿੱਛੇ ਹੋ ਸਕਦਾ ਹੈ।

ਘਰੇਲੂ ਬਗੀਚੀ ਵਿੱਚ ਕੀੜੇ ਆਉਣਾ ਕੁਦਰਤੀ ਗੱਲ ਹੈ। ਇਸ ਲਈ ਘਬਰਾਉਣ ਦੀ ਬਜਾਏ ਪੌਦਿਆਂ ਦੀ ਹਫ਼ਤੇ ਵਿੱਚ ਘੱਟੋ-ਘੱਟ ਦੋ ਵਾਰ ਨਿਗਰਾਨੀ ਕਰੋ। ਪੱਤਿਆਂ ਦੇ ਹੇਠਲੇ ਪਾਸੇ ਕੀੜੇ, ਅੰਡੇ, ਜਾਲਾ, ਚਿਪਚਿਪਾ ਪਦਾਰਥ ਜਾਂ ਦਾਗ ਆਦਿ ਦੀ ਜਾਂਚ ਕਰੋ। ਹਲਕੇ ਹਮਲੇ ਵਿੱਚ ਹੱਥ ਨਾਲ ਕੀੜੇ ਹਟਾਉਣਾ, ਪ੍ਰਭਾਵਿਤ ਪੱਤੇ ਤੋੜਨਾ, ਸਫ਼ਾਈ ਰੱਖਣਾ ਅਤੇ ਲੋੜ ਅਨੁਸਾਰ ਚਿਪਚਿਪੇ ਟ੍ਰੈਪ ਵਰਤਣਾ ਲਾਭਦਾਇਕ ਹੋ ਸਕਦਾ ਹੈ। ਨਿੰਮ-ਆਧਾਰਿਤ ਉਤਪਾਦ ਜਾਂ ਹੋਰ ਬੋਟੈਨੀਕਲ ਉਪਾਅ ਵਰਤਣ ਤੋਂ ਪਹਿਲਾਂ ਉਨ੍ਹਾਂ ਦੀ ਸਹੀ ਮਾਤਰਾ ਅਤੇ ਵਰਤੋਂ ਦੀ ਵਿਧੀ ਬਾਰੇ ਜਾਣਕਾਰੀ ਹਾਸਲ ਕਰੋ।



### ਪੰਜਾਬ ਲਈ ਕਿਚਨ ਗਾਰਡਨ ਦਾ ਮੌਸਮੀ ਕੈਲੰਡਰ

| ਸਮਾਂ | ਮੁੱਖ ਸਬਜ਼ੀਆਂ |
|---|---|
| ਫਰਵਰੀ-ਅਪ੍ਰੈਲ | ਭਿੰਡੀ, ਕਰੇਲਾ, ਘੀਆ, ਤੋਰੀ, ਖੀਰਾ, ਟੀਂਡਾ, ਬੈਂਗਣ, ਮਿਰਚ |
| ਮਈ-ਜੂਨ | ਭਿੰਡੀ, ਖੀਰਾ, ਤੋਰੀ, ਘੀਆ, ਕਰੇਲਾ, ਮਿਰਚ |
| ਜੁਲਾਈ-ਅਗਸਤ | ਭਿੰਡੀ, ਤੋਰੀ, ਘੀਆ, ਕਰੇਲਾ ਅਤੇ ਮੌਸਮ ਅਨੁਸਾਰ ਹੋਰ ਗਰਮ ਰੁੱਤ ਦੀਆਂ ਸਬਜ਼ੀਆਂ |
| ਸਤੰਬਰ-ਨਵੰਬਰ | ਪਾਲਕ, ਮੇਥੀ, ਧਨੀਆ, ਮੂਲੀ, ਗਾਜਰ, ਸ਼ਲਗਮ, ਮਟਰ, ਗੋਭੀ, ਬਰੋਕਲੀ |
| ਦਸੰਬਰ-ਜਨਵਰੀ | ਪਾਲਕ, ਮੇਥੀ, ਧਨੀਆ, ਮੂਲੀ, ਗਾਜਰ, ਮਟਰ, ਸ਼ਲਗਮ ਅਤੇ ਹੋਰ ਸਰਦ ਰੁੱਤ ਦੀਆਂ ਸਬਜ਼ੀਆਂ |

**ਹਰਿਆ ਵਿਹੜਾ - ਤੰਦਰੁਸਤ ਪਰਿਵਾਰ। ਇਹੀ ਹੈ ਘਰ ਦਾ ਅਸਲੀ ਸ਼ਿੰਗਾਰ।**

# ਸਾਫ਼ ਹਵਾ ਦੇ ਮਾਮਲੇ ਵਿੱਚ ਪੰਜਾਬੀ ਫਾਡੀ, ਚੰਡੀਗੜ੍ਹ ਸੱਤਵੇਂ ਨੰਬਰ 'ਤੇ

ਹਵਾ ਨੂੰ ਸਾਫ਼ ਕਰਨ ਨਾਲ ਜੁੜੀਆਂ ਪਹਿਲ-ਕਦਮੀਆਂ ਅਪਣਾਉਣ ਵਿੱਚ 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਵਿੱਚ ਲਖਨਊ ਨੇ ਇੰਦੌਰ ਨੂੰ ਪਛਾੜ ਕੇ ਸਿਖਰਲਾ ਸਥਾਨ ਹਾਸਲ ਕੀਤਾ ਹੈ । ਇਸ ਸ਼੍ਰੇਣੀ ਵਿੱਚ ਦੂਜੇ ਸਥਾਨ 'ਤੇ ਇੰਦੌਰ ਅਤੇ ਤੀਜੇ ਸਥਾਨ 'ਤੇ ਜਬਲਪੁਰ ਰਿਹਾ ਹੈ । ਇਸ ਦੇ ਨਾਲ ਹੀ ਇਨ੍ਹਾਂ ਸਾਰੇ ਸ਼ਹਿਰਾਂ ਦੀ ਹਵਾ ਵਿੱਚ ਕਾਫ਼ੀ ਸੁਧਾਰ ਵੀ ਦਰਜ ਕੀਤਾ ਗਿਆ ਹੈ । ਹਾਲਾਂਕਿ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਸੰਦੇਸ਼ ਵਾਲੀ ਧਰਤੀ ਪੰਜਾਬ ਦਾ ਕੋਈ ਵੀ ਸ਼ਹਿਰ ਇਸ ਸਰਵੇਖਣ ਵਿੱਚ ਟਾਪ 10 ਵਿੱਚ ਨਹੀਂ ਆਇਆ । ਪੰਜਾਬ ਦੇ ਰਿਆਣਾ ਦੀ ਸਾਂਝੀ ਰਾਜਧਾਨੀ ਨੇ ਸੱਤਵਾਂ ਸਥਾਨ ਹਾਸਲ ਕੀਤਾ ਹੈ । ਇਸ ਸਰਵੇਖਣ ਵਿੱਚ ਪੰਜਾਬ ਦੇ ਡੇਰਾ ਬੱਸੀ, ਗੋਬਿੰਦਗੜ੍ਹ, ਜਲੰਧਰ, ਖੰਨਾ, ਲੁਧਿਆਣਾ, ਨਇਆ ਨੰਗਲ, ਪਟਿਆਲਾ, ਪਠਾਨਕੋਟ/ਡੇਰਾ ਬਾਬਾ ਨਾਨਕ ਤੇ ਅੰਮ੍ਰਿਤਸਰ ਸ਼ਾਮਲ ਸਨ । ਇਸ ਵਿੱਚ ਅੰਮ੍ਰਿਤਸਰ ਸ਼ਹਿਰ (163 ਅੰਕ) 25ਵੇਂ ਅਤੇ ਲੁਧਿਆਣਾ (151.2 ਅੰਕ) 33ਵੇਂ ਸਥਾਨ 'ਤੇ ਰਿਹਾ । ਸਵੱਛ ਹਵਾ ਸਰਵੇਖਣ-2025 ਵਿੱਚ ਇੰਦੌਰ ਸਿਖਰ 'ਤੇ ਸੀ । ਉੱਥੇ ਦੂਜੇ ਸਥਾਨ 'ਤੇ ਜਬਲਪੁਰ ਅਤੇ ਤੀਜੇ ਸਥਾਨ 'ਤੇ ਆਗਰਾ ਸੀ । ਇਸ ਵਾਰ ਆਗਰਾ ਪੰਜਵੇਂ ਸਥਾਨ 'ਤੇ ਖਿਸਕ ਗਿਆ ਹੈ । ਸਵੱਛ ਹਵਾ ਸਰਵੇਖਣ ਵਿੱਚ ਇਸ ਵਾਰ ਨਗਰ ਨਿਗਮ ਦੇ ਵਾਰਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ । ਇਨ੍ਹਾਂ ਵਿੱਚ ਵੀ 30 ਹਜ਼ਾਰ ਤੋਂ ਵੱਧ ਆਬਾਦੀ ਵਾਲੇ ਵਾਰਡਾਂ ਵਿੱਚ ਲਖਨਊ ਦੇ ਵਾਰਡ ਨੰਬਰ 70 ਨੇ ਸਿਖਰਲਾ ਸਥਾਨ ਹਾਸਲ ਕੀਤਾ ਹੈ । ਵੱਡੇ ਸ਼ਹਿਰਾਂ ਵਿੱਚ ਦਿੱਲੀ 32ਵੇਂ ਸਥਾਨ ਤੋਂ 21ਵੇਂ ਸਥਾਨ 'ਤੇ ਆ ਗਈ ਹੈ ।



**★ 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਵਿੱਚੋਂ ਇੰਦੌਰ ਨੂੰ ਪਛਾੜ ਕੇ ਲਖਨਊ ਸਿਖਰ 'ਤੇ ਪੁੱਜਾ ★ ਪੰਜਾਬ ਦੇ 10 ਸ਼ਹਿਰਾਂ ਵਿੱਚੋਂ ਅੰਮ੍ਰਿਤਸਰ 25ਵੇਂ ਅਤੇ ਲੁਧਿਆਣਾ 33ਵੇਂ ਸਥਾਨ 'ਤੇ ਰਹੇ**

ਜੰਗਲਾਤ ਤੇ ਵਾਤਾਵਰਨ ਮੰਤਰਾਲੇ ਨੇ ਸਵੱਛ ਹਵਾ ਦਿਵਸ ਮੌਕੇ ਸੋਮਵਾਰ ਨੂੰ ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ (ਐਨ. ਸੀ. ਏ. ਪੀ.) ਵਿੱਚ ਸ਼ਾਮਲ ਦੇਸ਼ ਦੇ 130 ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਲਈ ਚੁੱਕੇ ਗਏ ਕਦਮਾਂ ਤੇ ਪਿਛਲੇ ਸਾਲਾਂ ਵਿੱਚ ਹੋਏ ਸੁਧਾਰ ਨੂੰ ਲੈ ਕੇ ਸਵੱਛ ਹਵਾ ਸਰਵੇਖਣ-2026 ਦੀ ਰੈਂਕਿੰਗ ਜਾਰੀ ਕੀਤੀ । ਇਸ ਵਿੱਚ ਵੱਖ-ਵੱਖ ਸ਼੍ਰੇਣੀਆਂ ਵਿੱਚ ਸ਼ਾਮਲ 10 ਸ਼ਹਿਰਾਂ ਤੇ ਇੰਨੀ ਹੀ ਗਿਣਤੀ ਵਿੱਚ ਵਾਰਡਾਂ ਨੂੰ ਵੀ ਪੁਰਕਾਰ ਦਿੱਤੇ ਗਏ ਹਨ । ਸਰਵੇਖਣ ਵਿੱਚ ਐਨ. ਸੀ. ਏ. ਪੀ. ਵਿੱਚ ਸ਼ਾਮਿਲ ਤਿੰਨ ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ ਵਿੱਚ ਇਸ ਵਾਰ ਪਹਿਲੇ ਸਥਾਨ 'ਤੇ ਰਾਉਰਕੇਲਾ, ਦੂਜੇ ਸਥਾਨ 'ਤੇ ਅੰਗੁਲ ਅਤੇ ਤੀਜੇ ਸਥਾਨ 'ਤੇ ਤਾਲਚੇਰ ਰਿਹਾ । ਖਾਸ ਗੱਲ ਇਹ ਹੈ ਕਿ ਤਿੰਨੇ ਹੀ ਸ਼ਹਿਰ ਓਡੀਸ਼ਾ ਦੇ ਹਨ । ਜ਼ਿਕਰਯੋਗ ਹੈ ਕਿ ਰਾਸ਼ਟਰੀ

### ਜਲੰਧਰ ਅਤੇ ਪਟਿਆਲਾ ਨੇ ਜਿੱਤੇ ਖਿਤਾਬ, ਛੋਟੇ ਸ਼ਹਿਰਾਂ ਵਿੱਚ ਨਯਾ ਨੰਗਲ ਅੱਗੇ

3 ਲੱਖ ਤੋਂ 10 ਲੱਖ ਆਬਾਦੀ ਵਾਲੇ ਸ਼ਹਿਰਾਂ ਦੀ ਸ਼੍ਰੇਣੀ ਵਿੱਚ ਪਟਿਆਲਾ (165 ਅੰਕ) ਨੇ 25ਵਾਂ ਅਤੇ ਜਲੰਧਰ (124 ਅੰਕ) ਨੇ 37ਵਾਂ ਸਥਾਨ ਹਾਸਲ ਕੀਤਾ । 3 ਲੱਖ ਤੋਂ ਘੱਟ ਆਬਾਦੀ ਵਾਲੇ ਸ਼ਹਿਰਾਂ ਵਿੱਚ ਨਯਾ ਨੰਗਲ 179 ਅੰਕਾਂ ਨਾਲ ਦੇਸ਼ ਭਰ ਵਿੱਚ 19ਵੇਂ ਸਥਾਨ 'ਤੇ ਰਿਹਾ । ਖੰਨਾ (1637 ਅੰਕ) 28ਵੇਂ, ਪਠਾਨਕੋਟ (155 ਅੰਕ) 32ਵੇਂ ਅਤੇ ਡੇਰਾਬੱਸੀ (110 ਅੰਕ) 37ਵੇਂ ਸਥਾਨ 'ਤੇ ਰਿਹਾ । ਵਾਰਡਾਂ ਦੀ ਸ਼੍ਰੇਣੀ ਵਿੱਚ ਅੰਮ੍ਰਿਤਸਰ ਦਾ ਵਾਰਡ ਨੰਬਰ 50 ਅਤੇ ਜਲੰਧਰ ਦਾ ਵਾਰਡ ਨੰਬਰ 32 ਜੇਤੂ ਰਿਹਾ । 10 ਹਜ਼ਾਰ ਤੋਂ ਘੱਟ ਆਬਾਦੀ ਵਾਲੇ ਵਾਰਡਾਂ ਦੀ ਸ਼੍ਰੇਣੀ ਵਿੱਚ ਪਟਿਆਲਾ ਦਾ ਵਾਰਡ ਨੰਬਰ 50 ਜੇਤੂ ਬਣਿਆ ।

'ਤੇ ਫਿਰੋਜ਼ਾਬਾਦ ਅਤੇ ਗੁੰਟੂਰ ਰਹੇ, ਜਦੋਂਕਿ ਤੀਜੇ ਸਥਾਨ 'ਤੇ ਅਮਰਾਵਤੀ ਰਿਹਾ । ਉੱਥੇ ਤਿੰਨ ਲੱਖ ਤੋਂ ਘੱਟ ਆਬਾਦੀ ਵਾਲੇ ਸ਼ਹਿਰਾਂ ਵਿੱਚ ਪਹਿਲੇ ਸਥਾਨ 'ਤੇ ਕਲਿੰਗ ਨਗਰ, ਦੂਜੇ ਸਥਾਨ ਸਵੱਛ ਹਵਾ ਪ੍ਰੋਗਰਾਮ ਤਹਿਤ ਦੇਸ਼ ਦੇ 130 ਸ਼ਹਿਰਾਂ 'ਤੇ ਹੁਣ ਤੱਕ ਕੇਂਦਰ ਸਰਕਾਰ 16 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਖਰਚ ਕਰ ਚੁੱਕੀ ਹੈ । ਐਨ. ਸੀ. ਏ. ਪੀ. ਵਿੱਚ ਸ਼ਾਮਿਲ

| ਟਾਪ-10 ਰੈਂਕਿੰਗ ਵਿੱਚ 15 ਸ਼ਹਿਰ | | |
|---|---|---|
| ਸ਼ਹਿਰ | ਸਕੋਰ | ਰੈਂਕਿੰਗ |
| ਲਖਨਊ | 198 | 1 |
| ਇੰਦੌਰ | 197 | 2 |
| ਜਬਲਪੁਰ | 195 | 3 |
| ਭੋਪਾਲ | 192 | 4 |
| ਆਗਰਾ | 192 | 4 |
| ਸੂਰਤ | 191 | 5 |
| ਰਾਏਪੁਰ | 189 | 6 |
| ਠਾਣੇ | 187 | 7 |
| ਚੰਡੀਗੜ੍ਹ | 187 | 7 |
| ਰਾਜਕੋਟ | 187 | 7 |
| ਅਹਿਮਦਾਬਾਦ | 186 | 8 |
| ਵਿਜੈਵਾੜਾ | 186 | 8 |
| ਗਾਜ਼ੀਆਬਾਦ | 184 | 9 |
| ਨਵੀਂ ਮੁੰਬਈ | 184 | 9 |
| ਨਾਗਪੁਰ | 183.5 | 10 |
| (10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰ) | | |

130 ਸ਼ਹਿਰਾਂ ਦੀ ਜਿਨ੍ਹਾਂ ਮਾਪਦੰਡਾਂ ਦੇ ਆਧਾਰ 'ਤੇ ਇਹ ਰੈਂਕਿੰਗ ਤਿਆਰ ਕੀਤੀ ਗਈ, ਉਨ੍ਹਾਂ ਵਿੱਚ ਕੂੜਾ ਸਾੜਨ ਤੋਂ ਰੋਕਣਾ, ਸੜਕਾਂ ਤੋਂ ਉੱਠਣ ਵਾਲੀ ਧੂੜ ਨੂੰ ਘਟਾਉਣਾ, ਉਸਾਰੀ ਕਾਰਜਾਂ ਤੋਂ ਉੱਠਣ ਵਾਲੀ ਧੂੜ ਅਤੇ ਕੂੜੇ ਦਾ ਪ੍ਰਬੰਧਨ, ਵਾਹਨਾਂ ਦੇ ਪ੍ਰਦੂਸ਼ਣ ਵਿੱਚ ਕਮੀ ਦੇ ਉਪਾਅ, ਉਦਯੋਗਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਦੀ ਰੋਕਥਾਮ ਅਤੇ ਪੀ. ਐਮ.-10 ਦੇ ਮਾਪਦੰਡਾਂ ਵਿੱਚ ਬਦਲਾਅ ਵਰਗੇ ਨੁਕਤੇ ਸ਼ਾਮਲ ਕੀਤੇ ਗਏ ।

# ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਲਈ ਕੁਦਰਤੀ ਕਾਰਕ ਜ਼ਿੰਮੇਵਾਰ

ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਕਿਸੇ ਇੱਕ ਸਰੋਤ ਦਾ ਨਤੀਜਾ ਨਹੀਂ, ਸਗੋਂ ਕੁਦਰਤੀ ਭੂ-ਵਿਗਿਆਨ ਅਤੇ ਪਾਣੀ ਦੀ ਰਸਾਇਣਿਕਤਾ ਦੇ ਸਾਂਝੇ ਪ੍ਰਭਾਵ ਨਾਲ ਜੁੜੀ ਹੈ । ਯੂਰੇਨੀਅਮ ਵਾਲੀਆਂ ਚਟਾਨਾਂ ਤੇ ਸਿਡੀਮੈਂਟ ਤੋਂ ਇਸ ਦਾ ਘੁਲਣਾ, ਖਾਰੀ ਪਾਣੀ ਵਿੱਚ ਘੁਲਣਸ਼ੀਲ ਰੂਪ ਧਾਰਨ ਕਰਨਾ ਅਤੇ ਭੂ-ਜਲ ਦੀ ਵੱਧ ਨਿਕਾਸੀ ਤੇ ਸਿੰਚਾਈ ਦੇ ਵਾਪਸੀ ਪਾਣੀ ਨਾਲ ਸੰਘਣਤਾ ਵਧਣਾ ਇਸ ਪ੍ਰਕਿਰਿਆ ਦੇ ਮੁੱਖ ਪੱਖ ਹਨ ।

ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਸਤਲੁਜ, ਬਿਆਸ, ਘੱਗਰ ਤੇ ਹੋਰ ਹਿਮਾਲਿਆਈ ਦਰਿਆਵਾਂ ਰਾਹੀਂ ਹਜ਼ਾਰਾਂ ਸਾਲਾਂ ਦੌਰਾਨ ਜਮ੍ਹਾ ਹੋਏ ਸੈਡੀਮੈਂਟ ਵਿੱਚ ਕੁਦਰਤੀ ਤੌਰ 'ਤੇ ਯੂਰੇਨੀਅਮ ਵਾਲੇ ਖਣਿਜ ਮੌਜੂਦ ਹਨ । ਖ਼ਾਸ ਕਰਕੇ ਮਾਲਵਾ ਵਿੱਚ ਸ਼ਿਵਾਲਿਕ ਤੋਂ ਆਏ ਸੈਡੀਮੈਂਟ ਅਤੇ ਪੁਰਾਣੇ ਦੱਬੇ ਦਰਿਆਈ ਰਸਤਿਆਂ ਨੂੰ ਸੰਭਾਵਿਤ ਕੁਦਰਤੀ ਸਰੋਤ ਮੰਨਿਆ ਜਾਂਦਾ ਹੈ । ਕਈ ਖੇਤਰਾਂ ਵਿੱਚ ਬਾਈਕਾਰਬੋਨੇਟ, ਕੈਲਸ਼ੀਅਮ, ਮੈਗਨੀਸ਼ੀਅਮ, ਵੱਧ ਪੀਐੱਚ ਅਤੇ ਘੁਲੇ ਲੂਣਾਂ ਦੀ ਮਾਤਰਾ ਵੀ ਜ਼ਿਆਦਾ ਹੋ ਸਕਦੀ ਹੈ । ਬਾਈਕਾਰਬੋਨੇਟ ਯੂਰੇਨੀਅਮ ਨਾਲ ਘੁਲਣਸ਼ੀਲ ਰਸਾਇਣਿਕ ਕੰਪਲੈਕਸ ਬਣਾਉਂਦਾ ਹੈ, ਜਿਸ ਨਾਲ ਇਹ ਪਾਣੀ ਵਿੱਚ ਘੁਲਿਆ ਰਹਿ ਸਕਦਾ ਹੈ ।

**★ ਖਾਰਾ ਪਾਣੀ ਯੂਰੇਨੀਅਮ ਨੂੰ ਕਰਦਾ ਹੈ ਵਧੇਰੇ ਘੁਲਣਸ਼ੀਲ ★ ਖਾਦਾਂ ਤੇ ਫਲਾਈ ਐਸ਼ ਨੂੰ ਇਕੱਲਾ ਕਾਰਨ ਦੱਸਣਾ ਗਲਤ**



ਪੰਜਾਬ ਵਿੱਚ ਵੱਡੇ ਪੱਧਰ 'ਤੇ ਭੂ-ਜਲ ਦੀ ਨਿਕਾਸੀ ਨਾਲ ਐਕੁਇਫ਼ੇਰ ਦੀਆਂ ਸਥਿਤੀਆਂ ਬਦਲ ਸਕਦੀਆਂ ਹਨ ਅਤੇ ਯੂਰੇਨੀਅਮ ਵਾਲੇ ਸੈਡੀਮੈਂਟ ਨਾਲ ਪਾਣੀ ਦਾ ਸੰਪਰਕ ਵੱਧ ਸਕਦਾ ਹੈ । ਬੇਹੱਦ ਪੰਪਿੰਗ ਯੂਰੇਨੀਅਮ ਪੈਦਾ ਨਹੀਂ ਕਰਦੀ, ਪਰ ਇਸ ਦੀ ਪਾਣੀ ਵਿੱਚ ਰਿਲੀਜ਼ ਤੇ ਆਵਾਜਾਈ ਨੂੰ ਤੇਜ਼ ਕਰ ਸਕਦੀ ਹੈ ।

### ਯੂਰੇਨੀਅਮ ਵਧਣ ਦੇ ਸੰਭਾਵਿਤ ਕਾਰਕ

**★ ਕੁਦਰਤੀ ਯੂਰੇਨੀਅਮ ਵਾਲੇ ਸੈਡੀਮੈਂਟ ★ ਖਾਰੀ ਤੇ ਬਾਈਕਾਰਬੋਨੇਟ-ਯੁਕਤ ਪਾਣੀ ★ ਭੂ-ਜਲ ਦੀ ਵੱਧ ਨਿਕਾਸੀ ★ ਸਿੰਚਾਈ ਦਾ ਵਾਪਸੀ ਪਾਣੀ ਤੇ ਵਾਸ਼ਪੀਕਰਨ ★ ਫਾਸਫੇਟ ਖਾਦਾਂ ਦੀ ਲੰਬੇ ਸਮੇਂ ਦੀ ਵਰਤੋਂ ★ ਥਰਮਲ ਪਲਾਂਟਾਂ ਨੇੜੇ ਫਲਾਈ ਐਸ਼ ਜਾਂ ਲੀਕੇਜ ★ ਸਰੋਤ ਦੀ ਪੁਸ਼ਟੀ ਲਈ ਸਥਾਨ ਵਿਸ਼ੇਸ਼ ਜਾਂਚ ਜ਼ਰੂਰੀ**



### ਸਿੰਚਾਈ ਤੇ ਖਾਦਾਂ ਦਾ ਪ੍ਰਭਾਵ

ਵਾਰ-ਵਾਰ ਸਿੰਚਾਈ ਅਤੇ ਵਾਸ਼ਪੀਕਰਨ ਨਾਲ ਬਾਈਕਾਰਬੋਨੇਟ, ਕੈਲਸ਼ੀਅਮ, ਨਾਈਟ੍ਰੇਟ ਤੇ ਹੋਰ ਘੁਲੇ ਲੂਣਾਂ ਦੀ ਸੰਘਣਤਾ ਵਧ ਸਕਦੀ ਹੈ । ਸਿੰਚਾਈ ਦਾ ਵਾਪਸੀ ਪਾਣੀ ਐਕੁਇਫਰ ਦੀ ਰਸਾਇਣਿਕਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ । ਬਠਿੰਡਾ ਤੇ ਮੋਗਾ ਨਾਲ ਸੰਬੰਧਤ ਇੱਕ ਹਾਲੀਆ ਅਧਿਐਨ ਵਿੱਚ ਡੂੰਘੀਆਂ ਪਰਤਾਂ ਦੇ ਮੁਕਾਬਲੇ ਉੱਪਰੀ ਭੂ-ਜਲ ਵਿੱਚ ਵੱਧ ਯੂਰੇਨੀਅਮ ਤੇ ਨਾਈਟ੍ਰੇਟ ਪ੍ਰਦੂਸ਼ਣ ਪਾਇਆ ਗਿਆ । ਹਾਲਾਂਕਿ ਦੋਵਾਂ ਦੀ ਇਕੱਠੀ ਮੌਜੂਦਗੀ ਇਹ ਸਾਬਤ ਨਹੀਂ ਕਰਦੀ ਕਿ ਨਾਈਟ੍ਰੇਟ ਹੀ ਯੂਰੇਨੀਅਮ ਦਾ ਸਰੋਤ ਹੈ । ਫਾਸਫੇਟ ਚਟਾਨ ਵਿੱਚ ਥੋੜ੍ਹੀ ਮਾਤਰਾ ਵਿੱਚ ਕੁਦਰਤੀ ਯੂਰੇਨੀਅਮ ਹੁੰਦਾ ਹੈ, ਇਸ ਲਈ ਲੰਬੇ ਸਮੇਂ ਦੀ ਫਾਸਫੇਟ ਖਾਦ ਦੀ ਵਰਤੋਂ ਸਥਾਨਕ ਪੱਧਰ 'ਤੇ ਯੋਗਦਾਨ ਪਾ ਸਕਦੀ ਹੈ । ਕੋਲੇ ਦੀ ਫਲਾਈ ਐਸ਼ ਵਿੱਚ ਵੀ ਯੂਰੇਨੀਅਮ ਦੀ ਟਰੇਸ ਮਾਤਰਾ ਹੋ ਸਕਦੀ ਹੈ ।

### ਗੁਰਦਿਆਂ ਲਈ ਚਿੰਤਾ ਦਾ ਵਿਸ਼ਾ ਹੈ ਯੂਰੇਨੀਅਮ

ਕਰਨਲ ਸੀਐੱਮ ਲਖਨਪਾਲ, ਮੈਂਬਰ ਪੀਏਸੀ ਮੱਤੇਵਾੜਾ ਜੰਗਲ, ਦਰਿਆ ਸਤਲੁਜ ਤੇ ਬੁੱਢਾ ਦਰਿਆ ਲੁਧਿਆਣਾ, ਮੁਤਾਬਕ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਆਮ ਤੌਰ 'ਤੇ ਲਾਗੂ ਕੀਤੀ ਜਾਣ ਵਾਲੀ ਸੀਮਾ 30 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਹੈ । ਉਨ੍ਹਾਂ ਕਿਹਾ ਕਿ ਯੂਰੇਨੀਅਮ ਮੁੱਖ ਤੌਰ 'ਤੇ ਆਪਣੀ ਰਸਾਇਣਿਕ ਵਿਸ਼ਾਕਤਤਾ ਕਾਰਨ ਗੁਰਦਿਆਂ ਲਈ ਚਿੰਤਾ ਦਾ ਵਿਸ਼ਾ ਹੈ । ਸੁਰੱਖਿਅਤ ਪੀਣ ਵਾਲੇ ਪਾਣੀ ਲਈ ਨਹਿਰੀ ਜਾਂ ਯੋਗ ਤਰੀਕੇ ਨਾਲ ਸੋਧਿਆ ਪਾਣੀ ਮੁਹੱਈਆ ਕਰਵਾਉਣ ਅਤੇ ਬਿਨਾਂ ਜਾਂਚ ਵਾਲੇ ਨਿੱਜੀ ਬੋਰਵੈੱਲਾਂ 'ਤੇ ਨਿਰਭਰਤਾ ਘਟਾਉਣ ਦੀ ਲੋੜ ਹੈ ।

### ਅਧਿਐਨ ਤੇ ਵਿਸ਼ਲੇਸ਼ਣ ਦੀ ਵਧੇਰੇ ਲੋੜ

ਮਾਲਵਾ ਵਿੱਚ ਯੂਰੇਨੀਅਮ ਵਾਲੇ ਸੈਡੀਮੈਂਟ, ਅਰਧ-ਖੁਸ਼ਕ ਮੌਸਮ, ਵੱਧ ਵਾਸ਼ਪੀਕਰਨ, ਖਾਰੀ ਪਾਣੀ, ਟਿਊਬਵੈੱਲ ਸਿੰਚਾਈ, ਡਿੱਗਦਾ ਭੂ-ਜਲ ਪੱਧਰ ਅਤੇ ਵਾਪਸੀ ਪਾਣੀ- ਇਹ ਸਾਰੇ ਕਾਰਕ ਯੂਰੇਨੀਅਮ ਨੂੰ ਸੈਡੀਮੈਂਟ ਤੋਂ ਪਾਣੀ ਵਿੱਚ ਆਉਣ ਤੇ ਸੰਘਣਤਾ ਵਧਾਉਣ ਲਈ ਅਨੁਕੂਲ ਹਾਲਾਤ ਬਣਾ ਸਕਦੇ ਹਨ । ਸਹੀ ਸਰੋਤ ਦੀ ਪਛਾਣ ਲਈ ਐਕੁਇਫਰ ਮੈਪਿੰਗ, ਮੌਸਮੀ ਸੈਂਪਲਿੰਗ, ਯੂਰੇਨੀਅਮ ਆਈਸੋਟੋਪ ਅਧਿਐਨ ਅਤੇ ਸੈਡੀਮੈਂਟ ਵਿਸ਼ਲੇਸ਼ਣ ਦੀ ਲੋੜ ਹੈ ।

 RNI/42269/83 (PUNPUN00806) Postage Registered No. PB/PTA/0338/2025-2027

# ਵੈਟਨਰੀ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਪਸੂ ਪਰਖ (ਮੁਲਾਂਕਣ) ਮੁਕਾਬਲਾ ਆਯੋਜਿਤ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ ਯੂਨੀਵਰਸਿਟੀ, ਲੁਧਿਆਣਾ ਨੇ ਨੌਜਵਾਨ ਵੈਟਨਰੀ ਡਾਕਟਰਾਂ ਨੂੰ ਪਸੂ ਪਰਖ ਦੀ ਕਲਾ ਅਤੇ ਵਿਗਿਆਨ ਵਿੱਚ ਸਿਖਲਾਈ ਦੇਣ ਅਤੇ ਪਸੂਆਂ ਦੀ ਚੋਣ ਤੇ ਨਸਲ ਸੁਧਾਰ ਵਿੱਚ ਇਸ ਦੀ ਮਹੱਤਤਾ ਨੂੰ ਉਜਾਗਰ ਕਰਨ ਦੇ ਉਦੇਸ ਨਾਲ ਇੱਕ 'ਪਸੂ ਪਰਖ ਮੁਕਾਬਲਾ' ਕਰਵਾਇਆ।






ਇਸ ਮੁਕਾਬਲੇ ਵਿੱਚ ਭਾਰੀ ਉਤਸਾਹ ਦੇਖਣ ਨੂੰ ਮਿਲਿਆ, ਜਿਸ ਵਿੱਚ 19 ਟੀਮਾਂ ਸਾਮਲ ਸਨ ਅਤੇ ਕੁੱਲ 57 ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੇ ਹਿੱਸਾ ਲਿਆ। ਹਰੇਕ ਟੀਮ ਨੇ ਮੁਰ੍ਹਾ ਮੱਝਾਂ, ਨੀਲੀ-ਰਾਵੀ ਮੱਝਾਂ ਅਤੇ ਹੋਲਸਟੀਨ ਫਰੀਜੀਅਨ ਪਸੂਆਂ ਦਾ ਮੁਲਾਂਕਣ ਕੀਤਾ। ਇਸ ਲਈ ਨਸਲ-ਵਿਸੇਸ ਸਕੋਰ ਕਾਰਡਾਂ ਦੀ ਵਰਤੋਂ ਕੀਤੀ ਗਈ, ਜੋ ਇੱਕ ਵਿਚਾਰ-ਵਟਾਂਦਰਾ ਸੈਸਨ ਦੌਰਾਨ ਪ੍ਰਾਪਤ ਸੁਝਾਵਾਂ ਦੇ ਆਧਾਰ 'ਤੇ ਤਿਆਰ ਕੀਤੇ ਗਏ ਸਨ। ਇਨ੍ਹਾਂ ਸਕੋਰ ਕਾਰਡਾਂ ਵਿੱਚ ਨਸਲ-ਵਿਸੇਸ ਵਿਸੇਸਤਾਵਾਂ ਅਤੇ ਪਰਖ ਦੇ ਮਾਪਦੰਡ ਸਾਮਲ ਸਨ, ਜਿਸ ਨਾਲ ਪ੍ਰਤੀਭਾਗੀਆਂ ਨੂੰ ਪਸੂਆਂ ਦਾ ਯੋਜਨਾਬੱਧ ਤਰੀਕੇ ਨਾਲ ਮੁਲਾਂਕਣ ਕਰਨ ਅਤੇ ਅੰਕ ਦੇਣ ਵਿੱਚ ਮਦਦ ਮਿਲੀ। ਇਸ ਵਿਹਾਰਕ ਅਭਿਆਸ ਨੇ ਵਿਦਿਆਰਥੀਆਂ ਨੂੰ ਨਸਲ ਦੀਆਂ ਵਿਸੇਸਤਾਵਾਂ ਅਤੇ ਪਸੂਆਂ ਦੀ ਸਰੀਰਕ ਬਣਤਰ ਬਾਰੇ ਆਪਣੇ ਗਿਆਨ ਨੂੰ ਵਰਤਣ ਦਾ ਮੌਕਾ ਦਿੱਤਾ ਅਤੇ ਨਾਲ ਹੀ ਉਨ੍ਹਾਂ ਦੇ ਨਿਰੀਖਣ, ਤੁਲਨਾਤਮਕ ਮੁਲਾਂਕਣ ਅਤੇ ਫੈਸਲੇ ਲੈਣ ਦੇ ਹੁਨਰ ਨੂੰ ਵਿਕਸਤ ਕਰਨ ਵਿੱਚ ਮਦਦ ਕੀਤੀ।

ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਆਯੋਜਕ ਟੀਮ ਦੇ ਯਤਨਾਂ ਦੀ ਸਲਾਘਾ ਕੀਤੀ ਅਤੇ ਕਿਹਾ ਕਿ ਹੁਨਰਮੰਦ ਪਸੂ-ਪਰਖ ਮਾਹਿਰਾਂ ਦੀ ਟੀਮ ਤਿਆਰ ਕਰਨ ਵੱਲ ਚੁੱਕਿਆ ਗਿਆ ਇਹ ਕਦਮ ਉੱਚ-ਸਮਰੱਥਾ ਵਾਲੇ ਪਸੂਆਂ ਦੀ ਚੋਣ ਕਰਨ ਅਤੇ ਨਸਲ ਸੁਧਾਰ ਵਿੱਚ ਯੋਗਦਾਨ ਪਾਉਣ ਲਈ ਬਹੁਤ ਲਾਹੇਵੰਦ ਸਾਬਤ ਹੋ ਸਕਦਾ ਹੈ।

ਡਾ. ਰਵਿੰਦਰ ਸਿੰਘ ਗਰੇਵਾਲ, ਪਸਾਰ ਸਿੱਖਿਆ ਨਿਰਦੇਸਕ ਨੇ ਕਿਹਾ ਕਿ ਪ੍ਰਜਣਨ ਅਤੇ ਉਤਪਾਦਨ ਦੇ ਉਦੇਸਾਂ ਲਈ ਲੋੜੀਂਦੇ ਗੁਣਾਂ ਵਾਲੇ ਪਸੂਆਂ ਦੀ ਪਛਾਣ ਕਰਨ ਵਿੱਚ ਪਸੂ ਪਰਖ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਜੋਰ ਦਿੱਤਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਪਸੂਆਂ ਦੇ ਮੁਲਾਂਕਣ ਦਾ ਵਿਹਾਰਕ ਤਜਰਬਾ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਸਹੀ ਫੈਸਲੇ ਲੈਣ ਦੀ ਯੋਗਤਾ ਵਿਕਸਤ ਕਰਨ ਵਿੱਚ ਮਦਦ ਕਰਦੇ ਹਨ, ਜਿਸ ਨਾਲ ਪਸੂਆਂ ਦੀਆਂ ਨਸਲਾਂ ਦੀ ਅਣੂਵੰਸਾ ?ਕ ਚੋਣ ਅਤੇ ਸੁਧਾਰ ਵਿੱਚ ਯੋਗਦਾਨ ਪੈਂਦਾ ਹੈ।

ਇਸ ਮੁਕਾਬਲੇ ਨੇ ਵਿਦਿਆਰਥੀਆਂ ਨੂੰ ਕਲਾਸਰੂਮ ਦੀ ਪੜ੍ਹਾਈ ਤੋਂ ਇਲਾਵਾ ਕੀਮਤੀ ਵਿਹਾਰਕ ਤਜਰਬਾ ਪ੍ਰਦਾਨ ਕੀਤਾ ਅਤੇ ਸਿਹਤਮੰਦ ਮੁਕਾਬਲੇਬਾਜੀ ਤੇ ਪੇਸੇਵਰ ਹੁਨਰ ਸਿੱਖਣ ਦੀ ਭਾਵਨਾ ਨੂੰ ਉਤਸਾਹਿਤ ਕੀਤਾ। ਇਹ ਪ੍ਰੋਗਰਾਮ ਅਧਿਆਪਕਾਂ ਦੀ ਇੱਕ ਸਮਰਪਿਤ ਟੀਮ ਦੀ ਨਿਗਰਾਨੀ ਹੇਠ ਕਰਵਾਇਆ ਗਿਆ, ਜਿਨ੍ਹਾਂ ਨੇ ਇਸ ਦੇ ਸੁਚਾਰੂ ਸੰਚਾਲਨ ਲਈ ਪ੍ਰਬੰਧਾਂ ਦਾ ਤਾਲਮੇਲ ਕੀਤਾ।

ਜੇਤੂ ਟੀਮਾਂ ਨੂੰ ਯੂਨੀਵਰਸਿਟੀ ਵੱਲੋਂ 18-19 ਸਤੰਬਰ, 2026 ਨੂੰ ਆਯੋਜਿਤ ਕੀਤੇ ਜਾਣ ਵਾਲੇ ਪਸੂ ਪਾਲਣ ਮੇਲੇ ਦੌਰਾਨ ਸਨਮਾਨਿਤ ਕੀਤਾ ਜਾਵੇਗਾ।




## ਹਰ ਕਿਸਾਨ ਲਈ ਫਾਰਮਰ ਰਜਿਸਟਰੀ ਬਣਵਾਉਣਾ ਜਰੂਰੀ : ਡਾ. ਗੁਰਦੀਪ ਸਿੰਘ

### *ਆਉਣ ਵਾਲੇ ਸਮੇਂ 'ਚ ਸਬਸਿਡੀ 'ਤੇ ਸਰਕਾਰੀ ਸਹੂਲਤਾਂ ਲਈ ਫਾਰਮਰ ਰਜਿਸਟਰੀ ਹੋਵੇਗੀ ਅਹਿਮ - ਮੁੱਖ ਖੇਤੀਬਾੜੀ ਅਫਸਰ*

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਸਹੂਲਤਾਂ ਨਾਲ ਜੋੜਨ ਲਈ ਹਰੇਕ ਕਿਸਾਨ ਦੀ ਫਾਰਮਰ ਰਜਿਸਟਰੀ ਤਿਆਰ ਕੀਤੀ ਜਾ ਰਹੀ ਹੈ। ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ. ਗੁਰਦੀਪ ਸਿੰਘ ਨੇ ਜਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ. ਜਰੂਰ ਬਣਵਾਉਣ ਤਾਂ ਜੋ ਭਵਿੱਖ ਵਿੱਚ ਕਿਸਾਨਾਂ ਨੂੰ ਉਹਨਾਂ ਦੀ ਇਸ "Unique Farmer ID" ਰਾਹੀ ਹੀ ਖਾਦਾਂ ਦੀ ਸਪਲਾਈ, ਪੀ.ਐਮ. ਕਿਸਾਨ ਸਨਮਾਨ ਨਿੱਧੀ ਯੋਜਨਾ ਤਹਿਤ ਮਿਲਣ ਵਾਲੀਆਂ ਕਿਸਤਾਂ, ਖੇਤੀ ਮਸ਼ੀਨਰੀ ਆਦਿ ਸਹੂਲਤਾਂ ਸਬਸਿਡੀ 'ਤੇ ਮਿਲਣਯੋਗ ਹੋਣਗੀਆਂ। ਆਉਣ ਵਾਲੇ ਸਮੇਂ ਵਿੱਚ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਅਤੇ ਹੋਰ ਖੇਤੀਬਾੜੀ ਸਬੰਧੀ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਡਾ. ਗੁਰਦੀਪ ਸਿੰਘ ਨੇ ਦੱਸਿਆ ਕਿ ਜਿਸ ਕਿਸਾਨ ਦੇ ਨਾਂ 'ਤੇ ਵਾਹੀਯੋਗ ਜਮੀਨ ਦਰਜ ਹੈ, ਉਸ ਲਈ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ. ਬਣਵਾਉਣਾ ਜਰੂਰੀ ਹੈ। ਉਨ੍ਹਾਂ ਸਪੱਸਟ ਕੀਤਾ ਕਿ ਫਾਰਮਰ ਆਈ.ਡੀ. ਬਣਵਾਉਣ ਲਈ ਜਮੀਨ ਦੀ ਮਾਤਰਾ ਸਬੰਧੀ ਕੋਈ ਸਰਤ ਨਹੀਂ ਹੈ। ਭਾਵੇਂ ਕਿਸੇ ਕਿਸਾਨ ਕੋਲ ਘੱਟ ਜਮੀਨ ਹੈ ਜਾਂ ਵੱਧ, ਉਹ ਆਪਣੀ ਫਾਰਮਰ ਆਈ.ਡੀ. ਬਣਵਾ ਸਕਦਾ ਹੈ। ਇਸੇ ਤਰ੍ਹਾਂ ਜੇਕਰ ਕੋਈ ਕਿਸਾਨ ਖੇਤੀਬਾੜੀ ਦੇ ਨਾਲ ਕੋਈ ਕਾਰੋਬਾਰ ਕਰਦਾ ਹੈ ਜਾਂ ਨੌਕਰੀ ਕਰਦਾ ਹੈ, ਤਾਂ ਵੀ ਉਹ ਫਾਰਮਰ ਆਈ.ਡੀ. ਬਣਵਾਉਣ ਲਈ ਯੋਗ ਹੈ।



ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਗੱਲ ਨੂੰ ਵਿਸੇਸ ਤੌਰ 'ਤੇ ਯਕੀਨੀ ਬਣਾਉਣ ਕਿ ਪਰਿਵਾਰ ਦੇ ਜਿਨ੍ਹਾਂ-ਜਿਨ੍ਹਾਂ ਮੈਂਬਰਾਂ ਦੇ ਨਾਮ 'ਤੇ ਵਾਹੀਯੋਗ ਜਮੀਨ ਦਰਜ ਹੈ, ਉਨ੍ਹਾਂ ਸਾਰਿਆਂ ਦੀ ਵੱਖ-ਵੱਖ ਫਾਰਮਰ ਆਈ.ਡੀ. ਬਣਵਾਈ ਜਾਵੇ। ਉਨ੍ਹਾਂ ਕਿਹਾ ਕਿ ਸਿਰਫ ਪਰਿਵਾਰ ਦੇ ਇਕ ਮੈਂਬਰ ਦੀ ਫਾਰਮਰ ਆਈ.ਡੀ. ਬਣਵਾਉਣਾ ਕਾਫੀ ਨਹੀਂ ਹੋਵੇਗਾ, ਸਗੋਂ ਜਿਸ-ਜਿਸ ਵਿਅਕਤੀ ਦੇ ਨਾਂ 'ਤੇ ਖੇਤੀਯੋਗ ਜਮੀਨ ਹੈ, ਉਸ ਦੀ ਫਾਰਮਰ ਆਈ.ਡੀ. ਬਣਾਉਣੀ ਜਰੂਰੀ ਹੈ ਤਾਂ ਜੋ ਖੇਤੀ ਨਾਲ ਸਬੰਧਤ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਡਾ. ਗੁਰਦੀਪ ਸਿੰਘ ਨੇ ਦੱਸਿਆ ਕਿ ਫਾਰਮਰ ਆਈ.ਡੀ. ਬਣਾਉਣ ਦੀ ਸਹੂਲਤ ਜਿਲ੍ਹੇ ਦੇ ਵੱਖ-ਵੱਖ ਕਾਮਨ ਸਰਵਿਸ ਸੈਂਟਰਾਂ (ਸੀ.ਐੱਸ.ਸੀ.) ਵਿਖੇ ਬਿਲਕੁਲ ਮੁਫਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਦੇਰੀ ਦੇ ਆਪਣੇ ਨੇੜਲੇ ਕਾਮਨ ਸਰਵਿਸ ਸੈਂਟਰ 'ਤੇ ਪਹੁੰਚਣ ਅਤੇ ਆਪਣੀ ਤੇ ਪਰਿਵਾਰ ਦੇ ਉਨ੍ਹਾਂ ਸਾਰੇ ਮੈਂਬਰਾਂ ਦੀ ਫਾਰਮਰ ਆਈ.ਡੀ. ਜਰੂਰ ਬਣਵਾਉਣ, ਜਿਨ੍ਹਾਂ ਦੇ ਨਾਮ 'ਤੇ ਵਾਹੀਯੋਗ ਜਮੀਨ ਦਰਜ ਹੈ। ਉਨ੍ਹਾਂ ਕਿਹਾ ਕਿ ਫਾਰਮਰ ਆਈ.ਡੀ. ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸਾਨੀ ਆਉਂਦੀ ਹੈ ਤਾਂ ਉਹ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਮੁੜ ਜੋਰ ਦਿੰਦਿਆਂ ਕਿਹਾ ਕਿ ਜਿਲ੍ਹੇ ਦਾ ਕੋਈ ਵੀ ਯੋਗ ਕਿਸਾਨ ਇਸ ਪ੍ਰਕਿਰਿਆ ਤੋਂ ਵਾਂਝਾ ਨਾ ਰਹੇ ਅਤੇ ਸਾਰੇ ਕਿਸਾਨ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ. ਜਰੂਰ ਬਣਵਾਉਣ।

*- ਜਸਮੀਤ ਸਿੰਘ, ਲੁਧਿਆਣਾ*